


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Thursday 14 May, 2026 | website: www.cee7news.com

## ਦਿਲਜੀਤ ਦੋਸਾਂਝ ਨੇ ਭਾਜਪਾ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ ਸੀ



ਹਰਿਆਣਾ ਸਰਕਾਰ ਵੱਲੋਂ ਦਿਲਜੀਤ ਦੋਸਾਂਝ ਦੇ ਮੈਨੇਜਰ ਗੁਰਪ੍ਰਤਾਪ ਸਿੰਘ ਕਾਂਗ ਦੇ ਗੋਂਡਰ ਪਿੰਡ (ਕਰਨਾਲ) ਸਥਿਤ ਘਰ ਦੇ ਬਾਹਰ ਫਾਇਰਿੰਗ ਦੀ ਕਿਸੇ ਵੀ ਘਟਨਾ ਤੋਂ ਇਨਕਾਰ ਕੀਤਾ ਗਿਆ ਹੈ, ਪਰ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਇਸ ਘਟਨਾ ਦੇ ਪਿੱਛੇ "ਸਿਆਸੀ ਮਨੋਰਥ" ਹੋਣ ਦਾ ਦੋਸ਼ ਲਗਾਇਆ ਹੈ। ਪੰਜਾਬ ਵਿੱਚ ਸੱਤਾਧਾਰੀ ਪਾਰਟੀ ਦੇ ਆਗੂਆਂ ਨੇ ਦਾਅਵਾ ਕੀਤਾ ਹੈ ਕਿ ਇਹ ਘਟਨਾ ਵਾਪਰੀ ਹੈ ਅਤੇ ਲਾਰੈਂਸ ਬਿਸ਼ਨੋਈ ਗੈਂਗ ਨੇ ਇਸ ਦੀ ਜ਼ਿੰਮੇਵਾਰੀ ਲਈ ਹੈ। ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਇਹ ਸਭ ਦੋਸਾਂਝ 'ਤੇ ਭਾਜਪਾ ਵਿੱਚ ਸ਼ਾਮਲ ਹੋਣ ਲਈ ਦਬਾਅ ਪਾਉਣ ਲਈ ਕੀਤਾ ਗਿਆ ਹੈ।ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜਿਵੇਂ ਹੀ ਦਿਲਜੀਤ ਦੋਸਾਂਝ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਭਾਜਪਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਉਨ੍ਹਾਂ ਦੇ ਮੈਨੇਜਰ ਨੂੰ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਇਹ ਗੈਂਗ ਬਿਨਾਂ ਕਿਸੇ ਡਰ ਦੇ ਕੰਮ ਕਰ ਰਿਹਾ ਹੈ ਕਿਉਂਕਿ ਭਾਜਪਾ ਨੇ ਬਿਸ਼ਨੋਈ ਨੂੰ ਸਾਬਰਮਤੀ ਜੇਲ੍ਹ ਵਿੱਚ ਪੁੱਛਗਿੱਛ ਤੋਂ ਬਚਾ ਕੇ ਰੱਖਿਆ ਹੋਇਆ ਹੈ।

## ਵਾਹਨਾਂ ਦੀ ਗਿਣਤੀ ਘਟਾਉਣ ਦੇ ਦਿੱਤੇ ਨਿਰਦੇਸ਼



ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਕਟ ਨੇ ਵਿਸ਼ਵ ਪੱਧਰ 'ਤੇ ਕੱਚੇ ਤੇਲ ਦੀ ਸਪਲਾਈ ਨੂੰ ਪ੍ਰਭਾਵਿਤ ਕੀਤਾ ਹੈ, ਅਤੇ ਇਸ ਦਾ ਪ੍ਰਭਾਵ ਭਾਰਤ ਵਿੱਚ ਵੀ ਮਹਿਸੂਸ ਕੀਤਾ ਜਾ ਰਿਹਾ ਹੈ। ਆਪਣੇ ਹਾਲੀਆ ਸੰਬੋਧਨ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ ਲੋਕਾਂ ਨੂੰ ਬਾਲਣ ਬਚਾਉਣ ਅਤੇ ਇੱਕ ਸਾਲ ਲਈ ਸੋਨਾ ਖਰੀਦਣ ਤੋਂ ਪਰਹੇਜ਼ ਕਰਨ ਦੀ ਅਪੀਲ ਕੀਤੀ।ਇਸ ਵਿਚਾਲੇ ਪ੍ਰਧਾਨ ਮੰਤਰੀ ਮੋਦੀ ਨੇ ਸਰਕਾਰੀ ਖਰਚਿਆਂ ਨੂੰ ਘਟਾਉਣ ਵੱਲ ਇੱਕ ਵੱਡਾ ਕਦਮ ਚੁੱਕਿਆ ਹੈ। ਉਨ੍ਹਾਂ ਨੇ ਆਪਣੇ ਕਾਫਲੇ ਵਿੱਚ ਵਾਹਨਾਂ ਦੀ ਗਿਣਤੀ ਵਿੱਚ 50 ਪ੍ਰਤੀਸ਼ਤ ਕਮੀ ਦਾ ਆਦੇਸ਼ ਦਿੱਤਾ ਹੈ। ਸੂਤਰਾਂ ਅਨੁਸਾਰ, ਪ੍ਰਧਾਨ ਮੰਤਰੀ ਨੇ ਆਪਣੀ ਸੁਰੱਖਿਆ ਲਈ ਤਾਇਨਾਤ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ (ਐਸਪੀਜੀ) ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਕਾਫਲੇ ਵਿੱਚ ਵਾਹਨਾਂ ਦੀ ਗਿਣਤੀ 50 ਪ੍ਰਤੀਸ਼ਤ ਘਟਾ ਦੇਣ। ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਮੋਦੀ ਨੇ ਐਸਪੀਜੀ ਨੂੰ ਇਹ ਵੀ ਕਿਹਾ ਹੈ ਕਿ ਜਦੋਂ ਵੀ ਸੰਭਵ ਹੋਵੇ ਨਵੇਂ ਵਾਹਨ ਖਰੀਦੇ ਬਿਨਾਂ ਕਾਫਲੇ ਵਿੱਚ ਇਲੈਕਟ੍ਰਿਕ ਵਾਹਨ ਸ਼ਾਮਲ ਕੀਤੇ ਜਾਣ।ਐਸਪੀਜੀ ਨੇ ਵੀ ਪ੍ਰਧਾਨ ਮੰਤਰੀ ਮੋਦੀ ਦੇ ਨਿਰਦੇਸ਼ਾਂ ਦੀ ਪਾਲਣਾ ਕਰਨੀ ਸ਼ੁਰੂ ਕਰ ਦਿੱਤੀ ਹੈ। ਰਿਪੋਰਟਾਂ ਅਨੁਸਾਰ, ਹੈਦਰਾਬਾਦ ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਣ ਤੋਂ ਤੁਰੰਤ ਬਾਅਦ ਗੁਜਰਾਤ ਅਤੇ ਅਸਾਮ ਵਿੱਚ ਉਨ੍ਹਾਂ ਦੇ ਕਾਫਲੇ ਵਿੱਚ ਵਾਹਨਾਂ ਦੀ ਗਿਣਤੀ ਘਟਾ ਦਿੱਤੀ ਗਈ ਸੀ। ਹਾਲਾਂਕਿ, ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਨਿਰਧਾਰਤ ਲਾਜ਼ਮੀ ਸੁਰੱਖਿਆ ਨਾਲ ਸਮਝੌਤਾ ਨਾ ਕੀਤਾ ਜਾਵੇ।ਅਜਿਹੇ ਸੰਕੇਤ ਹਨ ਕਿ ਮੰਤਰਾਲੇ ਅਤੇ ਵਿਭਾਗ ਆਉਣ ਵਾਲੇ ਦਿਨਾਂ ਵਿੱਚ ਲਾਗਤ ਘਟਾਉਣ ਦੇ ਉਪਾਅ ਅਪਣਾਉਣ ਦੀ ਤਿਆਰੀ ਕਰ ਰਹੇ ਹਨ, ਜਿਸ ਵਿੱਚ ਕਰਮਚਾਰੀਆਂ ਨੂੰ ਮੈਟਰੋ ਦੀ ਵਧੇਰੇ ਵਰਤੋਂ ਕਰਨ ਲਈ ਉਤਸ਼ਾਹਿਤ ਕਰਨਾ, ਕਾਰ ਪੂਲਿੰਗ ਨੂੰ ਅਪਣਾਉਣਾ ਅਤੇ ਵੱਡੇ ਸਮਾਗਮਾਂ ਤੋਂ ਬਚਣਾ ਸ਼ਾਮਲ ਹੈ।ਹੈਦਰਾਬਾਦ ਵਿੱਚ ਆਪਣੇ ਸੰਬੋਧਨ ਦੌਰਾਨ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅੱਜ ਦੁਨੀਆ ਆਰਥਿਕ ਉਥਲ-ਪੁਥਲ, ਸਪਲਾਈ ਲੜੀ ਵਿੱਚ ਵਿਘਨ ਅਤੇ ਅੰਤਰਰਾਸ਼ਟਰੀ ਟਕਰਾਵਾਂ ਨਾਲ ਜੂਝ ਰਹੀ ਹੈ, ਜਿਸ ਦੇ ਪ੍ਰਭਾਵ ਵਧਦੀ ਮਹਿੰਗਾਈ ਵਿੱਚ ਪ੍ਰਗਟ ਹੋ ਰਹੇ ਹਨ। ਅਜਿਹੇ ਸਮੇਂ, ਭਾਰਤ ਨੂੰ ਮਜ਼ਬੂਤ ਰੱਖਣ ਲਈ ਸਮੂਹਿਕ ਭਾਗੀਦਾਰੀ ਬਹੁਤ ਜ਼ਰੂਰੀ ਹੈ।ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਕਟ ਨੇ ਵਿਸ਼ਵ ਪੱਧਰ 'ਤੇ ਕੱਚੇ ਤੇਲ ਦੀ ਸਪਲਾਈ ਨੂੰ ਪ੍ਰਭਾਵਿਤ ਕੀਤਾ ਹੈ, ਅਤੇ ਇਸ ਦਾ ਪ੍ਰਭਾਵ ਭਾਰਤ ਵਿੱਚ ਵੀ ਮਹਿਸੂਸ ਕੀਤਾ ਜਾ ਰਿਹਾ ਹੈ। ਆਪਣੇ ਹਾਲੀਆ ਸੰਬੋਧਨ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ ਲੋਕਾਂ ਨੂੰ ਬਾਲਣ ਬਚਾਉਣ ਅਤੇ ਇੱਕ ਸਾਲ ਲਈ ਸੋਨਾ ਖਰੀਦਣ ਤੋਂ ਪਰਹੇਜ਼ ਕਰਨ ਦੀ ਅਪੀਲ ਕੀਤੀ।ਇਸ ਵਿਚਾਲੇ ਪ੍ਰਧਾਨ ਮੰਤਰੀ ਮੋਦੀ ਨੇ ਸਰਕਾਰੀ ਖਰਚਿਆਂ ਨੂੰ ਘਟਾਉਣ ਵੱਲ ਇੱਕ ਵੱਡਾ ਕਦਮ ਚੁੱਕਿਆ ਹੈ।ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਕਟ ਨੇ ਵਿਸ਼ਵ ਪੱਧਰ 'ਤੇ ਕੱਚੇ ਤੇਲ ਦੀ ਸਪਲਾਈ ਨੂੰ ਪ੍ਰਭਾਵਿਤ ਕੀਤਾ ਹੈ, ਅਤੇ ਇਸ ਦਾ ਪ੍ਰਭਾਵ ਭਾਰਤ ਵਿੱਚ ਵੀ ਮਹਿਸੂਸ ਕੀਤਾ ਜਾ ਰਿਹਾ ਹੈ। ਆਪਣੇ ਹਾਲੀਆ ਸੰਬੋਧਨ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ ਲੋਕਾਂ ਨੂੰ ਬਾਲਣ ਬਚਾਉਣ ਅਤੇ ਇੱਕ ਸਾਲ ਲਈ ਸੋਨਾ ਖਰੀਦਣ ਤੋਂ ਪਰਹੇਜ਼ ਕਰਨ ਦੀ ਅਪੀਲ ਕੀਤੀ।ਇਸ ਵਿਚਾਲੇ ਪ੍ਰਧਾਨ ਮੰਤਰੀ ਮੋਦੀ ਨੇ ਸਰਕਾਰੀ ਖਰਚਿਆਂ ਨੂੰ ਘਟਾਉਣ ਵੱਲ ਇੱਕ ਵੱਡਾ ਕਦਮ ਚੁੱਕਿਆ ਹੈ।

## Cee7news ਭਾਰਤ ਸਰਕਾਰ ਵੱਲੋਂ ਸੋਨੇ ਅਤੇ ਚਾਂਦੀ 'ਤੇ ਇੰਪੋਰਟ ਡਿਊਟੀ (ਆਯਾਤ ਸ਼ੁਲਕ) ਵਿੱਚ ਕੀਤੇ ਗਏ ਭਾਰੀ ਵਾਧੇ ਤੋਂ ਬਾਅਦ ਭਾਰਤੀ ਬਾਜ਼ਾਰਾਂ ਵਿੱਚ ਕੀਮਤਾਂ ਨੂੰ ਅੱਗ ਲੱਗ ਗਈ ਹੈ

# ਸੋਨੇ ਦੀ ਕੀਮਤ ਵਿੱਚ 8,550 ਰੁਪਏ ਅਤੇ ਚਾਂਦੀ ਦੀ ਕੀਮਤ ਵਿੱਚ 20,500 ਰੁਪਏ ਦਾ ਵੱਡਾ ਉਛਾਲ

ਭਾਰਤ ਸਰਕਾਰ ਵੱਲੋਂ ਸੋਨੇ ਅਤੇ ਚਾਂਦੀ 'ਤੇ ਇੰਪੋਰਟ ਡਿਊਟੀ (ਆਯਾਤ ਸ਼ੁਲਕ) ਵਿੱਚ ਕੀਤੇ ਗਏ ਭਾਰੀ ਵਾਧੇ ਤੋਂ ਬਾਅਦ ਭਾਰਤੀ ਬਾਜ਼ਾਰਾਂ ਵਿੱਚ ਕੀਮਤਾਂ ਨੂੰ ਅੱਗ ਲੱਗ ਗਈ ਹੈ। 13 ਮਈ, 2026 ਨੂੰ ਸਰਕਾਰ ਨੇ ਕੀਮਤੀ ਧਾਤਾਂ 'ਤੇ ਡਿਊਟੀ ਵਧਾ ਕੇ 15 ਫੀਸਦੀ ਕਰ ਦਿੱਤੀ, ਜਿਸ ਦੇ ਸਿੱਟੇ ਵਜੋਂ ਸੋਨੇ ਦੀ ਕੀਮਤ ਵਿੱਚ 8,550 ਰੁਪਏ ਅਤੇ ਚਾਂਦੀ ਦੀ ਕੀਮਤ ਵਿੱਚ 20,500 ਰੁਪਏ ਦਾ ਵੱਡਾ ਉਛਾਲ ਦੇਖਣ ਨੂੰ ਮਿਲਿਆ ਹੈ।ਇੱਥੇ ਇਸ ਖ਼ਬਰ ਦਾ ਵਿਸਤ੍ਰਿਤ ਵੇਰਵਾ ਦਿੱਤਾ ਗਿਆ ਹੈ:ਕੀਮਤਾਂ ਵਿੱਚ ਵੱਡਾ ਉਛਾਲਦਿੱਲੀ ਅਤੇ ਹੋਰ ਸਥਾਨਕ ਬਾਜ਼ਾਰਾਂ ਵਿੱਚ ਸੋਨੇ ਦੀਆਂ ਕੀਮਤਾਂ 8,550 ਰੁਪਏ ਵਧ ਕੇ 1.65 ਲੱਖ ਰੁਪਏ ਪ੍ਰਤੀ 10 ਗ੍ਰਾਮ ਤੋਂ ਪਾਰ ਹੋ ਗਈਆਂ ਹਨ। 99.9 ਫੀਸਦੀ ਸ਼ੁੱਧਤਾ ਵਾਲੇ ਸੋਨੇ ਦੀ ਕੀਮਤ ਪਿਛਲੇ ਦਿਨ ਦੇ 1,56,800 ਰੁਪਏ ਤੋਂ ਵਧ ਕੇ 1,65,350 ਰੁਪਏ ਪ੍ਰਤੀ 10 ਗ੍ਰਾਮ ਤੱਕ ਪਹੁੰਚ ਗਈ। ਇਸੇ ਤਰ੍ਹਾਂ ਚਾਂਦੀ ਦੀਆਂ ਕੀਮਤਾਂ ਵਿੱਚ ਵੀ ਰਿਕਾਰਡ ਤੋੜ ਵਾਧਾ ਹੋਇਆ ਹੈ। ਚਾਂਦੀ 20,500 ਰੁਪਏ ਮਹਿੰਗੀ ਹੋ ਕੇ 2,97,500 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਪਹੁੰਚ ਗਈ ਹੈ, ਜਦੋਂ ਕਿ ਪਿਛਲੇ ਦਿਨ ਇਹ 2,77,000 ਰੁਪਏ ਸੀ।ਸਰਕਾਰ ਦੇ ਇਸ ਫੈਸਲੇ ਦਾ ਕਾਰਨਸਰਕਾਰ ਨੇ ਇਹ ਫੈਸਲਾ ਦੇਸ਼ ਦੇ ਵਧਦੇ ਆਯਾਤ ਬਿੱਲ ਨੂੰ ਘਟਾਉਣ ਅਤੇ ਵਿਦੇਸ਼ੀ ਮੁਦਰਾ ਭੰਡਾਰ (Forex Reserves) ਨੂੰ ਬਚਾਉਣ ਲਈ ਲਿਆ ਹੈ। ਪੱਛਮੀ ਏਸ਼ੀਆ (Middle East) ਵਿੱਚ ਚੱਲ ਰਹੇ ਸੰਕਟ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਧ ਰਹੀਆਂ ਹਨ ਅਤੇ ਭਾਰਤੀ ਰੁਪਿਆ ਅਮਰੀਕੀ ਡਾਲਰ ਦੇ ਮੁਕਾਬਲੇ ਕਮਜ਼ੋਰ ਹੋ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਗੈਰ-ਜ਼ਰੂਰੀ ਖਰਚਿਆਂ ਨੂੰ ਘਟਾਉਣ ਅਤੇ ਸੋਨੇ ਦੀ ਖਰੀਦ 'ਤੇ ਲਗਾਮ ਲਗਾਉਣ ਦੀ ਅਪੀਲ ਕੀਤੀ ਸੀ, ਤਾਂ ਜੋ ਦੇਸ਼ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਰੱਖਿਆ ਜਾ ਸਕੇ।ਇੰਪੋਰਟ ਡਿਊਟੀ ਪਹਿਲਾਂ 6 ਫੀਸਦੀ ਸੀ, ਜਿਸ ਨੂੰ ਹੁਣ ਵਧਾ ਕੇ 15 ਫੀਸਦੀ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਪਲੈਟੀਨਮ 'ਤੇ ਵੀ ਡਿਊਟੀ ਵਧਾ ਕੇ 15.4 ਫੀਸਦੀ ਕਰ ਦਿੱਤੀ ਗਈ ਹੈ।

ਮਾਹਰਾਂ ਦੀ ਰਾਏ ਅਤੇ ਬਾਜ਼ਾਰ 'ਤੇ ਅਸਰਆਲ ਇੰਡੀਆ ਸਰਾਫਾ ਐਸੋਸੀਏਸ਼ਨ ਅਤੇ ਹੋਰ ਬਾਜ਼ਾਰ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ ਵਾਧੇ ਨਾਲ ਸਥਾਨਕ ਪੱਧਰ 'ਤੇ ਸੋਨੇ ਦੀ ਮੰਗ ਵਿੱਚ ਅਸਥਾਈ ਤੌਰ 'ਤੇ ਕਮੀ ਆ ਸਕਦੀ ਹੈ। ਹਾਲਾਂਕਿ, ਭਾਰਤੀ ਸਭਿਆਚਾਰ ਵਿੱਚ ਸੋਨੇ ਦੀ ਅਹਿਮੀਅਤ ਨੂੰ ਦੇਖਦੇ ਹੋਏ ਨਿਵੇਸ਼ਕਾਂ ਲਈ ਇਹ ਅਜੇ ਵੀ ਇੱਕ ਸੁਰੱਖਿਅਤ ਵਿਕਲਪ ਬਣਿਆ ਹੋਇਆ ਹੈ। ਦੂਜੇ ਪਾਸੇ, ਜਿਊਲਰੀ ਉਦਯੋਗ ਦੇ ਕੁੱਝ ਮਾਹਰਾਂ ਨੇ ਚਿੰਤਾ ਪ੍ਰਗਟਾਈ ਹੈ



ਕਿ ਡਿਊਟੀ ਵਧਣ ਨਾਲ ਸੋਨੇ ਦੀ ਸਮਗਲਿੰਗ (ਤਸਕਰੀ) ਵਧ ਸਕਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਡਿਊਟੀ ਬਹੁਤ ਜ਼ਿਆਦਾ ਹੁੰਦੀ ਹੈ, ਤਾਂ ਗੈਰ-ਕਾਨੂੰਨੀ ਰਸਤਿਆਂ ਰਾਹੀਂ ਸੋਨਾ ਆਉਣ ਦਾ ਖ਼ਤਰਾ ਵਧ ਜਾਂਦਾ ਹੈ।ਨਿਵੇਸ਼ਕਾਂ ਲਈ ਸੰਕੇਤ ਭਾਵੇਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ, ਪਰ ਵਿਸ਼ਵਵਿਆਪੀ ਅਨਿਸ਼ਚਿਤਤਾ ਅਤੇ ਰੁਪਏ ਦੀ ਕਮਜ਼ੋਰੀ ਕਾਰਨ ਸੋਨਾ ਅਜੇ ਵੀ ਨਿਵੇਸ਼ ਲਈ ਸਭ ਤੋਂ ਵਧੀਆ ਮੰਨਿਆ ਜਾ ਰਿਹਾ ਹੈ। ਮਾਹਰਾਂ ਦਾ ਮੰਨਣਾ ਹੈ ਕਿ ਜਦੋਂ ਤੱਕ ਤੇਲ ਦੀਆਂ ਕੀਮਤਾਂ ਅਤੇ ਜੂਨੀਅਰ ਰਾਜਨੀਤਿਕ ਹਾਲਾਤ ਸਥਿਰ ਨਹੀਂ ਹੁੰਦੇ, ਉਦੋਂ ਤੱਕ ਕੀਮਤਾਂ ਉੱਚੇ ਪੱਧਰ 'ਤੇ ਹੀ ਰਹਿਣਗੀਆਂ।ਸਿੱਟਾ:ਸਰਕਾਰ ਦੇ ਇਸ ਕਦਮ ਨੇ ਆਮ ਆਦਮੀ ਲਈ ਸੋਨਾ-ਚਾਂਦੀ ਖਰੀਦਣਾ ਹੋਰ ਔਖਾ ਕਰ ਦਿੱਤਾ ਹੈ। ਵਿਆਹਾਂ ਦੇ ਸੀਜ਼ਨ ਦੌਰਾਨ ਇਹ ਵਾਧਾ ਮੱਧ ਵਰਗੀ ਪਰਿਵਾਰਾਂ ਦੀ ਜੇਬ 'ਤੇ ਭਾਰੀ ਅਸਰ ਪਾਵੇਗਾ। ਆਉਣ ਵਾਲੇ ਦਿਨਾਂ ਵਿੱਚ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਬਾਜ਼ਾਰ ਇਸ ਵੱਡੀ ਤਬਦੀਲੀ ਨੂੰ ਕਿਵੇਂ ਸਵੀਕਾਰ ਕਰਦਾ ਹੈ।ਦੂਜੇ ਪਾਸੇ, ਜਿਊਲਰੀ ਉਦਯੋਗ ਦੇ ਕੁੱਝ ਮਾਹਰਾਂ ਨੇ ਚਿੰਤਾ ਪ੍ਰਗਟਾਈ ਹੈ ਕਿ ਡਿਊਟੀ ਵਧਣ ਨਾਲ ਸੋਨੇ ਦੀ ਸਮਗਲਿੰਗ (ਤਸਕਰੀ) ਵਧ ਸਕਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਡਿਊਟੀ ਬਹੁਤ ਜ਼ਿਆਦਾ ਹੁੰਦੀ ਹੈ, ਖ਼ਤਰਾ ਵਧ ਜਾਂਦਾ ਹੈ।

## Cee7News ਪੰਜਾਬ ਸਕੂਲ ਸਿੱਖਿਆ ਬੋਰਡ (PSEB) ਵੱਲੋਂ ਅੱਜ 13 ਮਈ 2026 ਨੂੰ ਬਾਰ੍ਹਵੀਂ ਜਮਾਤ ਦਾ ਨਤੀਜਾ ਐਲਾਨ ਦਿੱਤਾ ਗਿਆ ਹੈ

# ਇਸ ਸਾਲ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ ਵਿੱਚ ਕੁੱਲ 2,65,417 ਵਿਦਿਆਰਥੀ ਬੈਠੇ ਸਨ

ਪੰਜਾਬ ਸਕੂਲ ਸਿੱਖਿਆ ਬੋਰਡ (PSEB) ਵੱਲੋਂ ਅੱਜ 13 ਮਈ 2026 ਨੂੰ ਬਾਰ੍ਹਵੀਂ ਜਮਾਤ ਦਾ ਨਤੀਜਾ ਐਲਾਨ ਦਿੱਤਾ ਗਿਆ ਹੈ। ਇਸ ਸਾਲ ਦਾ ਨਤੀਜਾ ਵਿਦਿਆਰਥੀਆਂ ਲਈ ਖੁਸ਼ੀ ਅਤੇ ਮਾਣ ਵਾਲੀ ਖ਼ਬਰ ਲੈ ਕੇ ਆਇਆ ਹੈ, ਕਿਉਂਕਿ ਸਮੁੱਚੀ ਪਾਸ ਪ੍ਰਤੀਸ਼ਤਤਾ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਵਾਧਾ ਦਰਜ ਕੀਤਾ ਗਿਆ ਹੈ। ਮੁੱਖ ਅੰਕੜੇ ਅਤੇ ਨਤੀਜਾ (Key Statistics)ਇਸ ਸਾਲ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ ਵਿੱਚ ਕੁੱਲ 2,65,417 ਵਿਦਿਆਰਥੀ ਬੈਠੇ ਸਨ, ਜਿਨ੍ਹਾਂ ਵਿੱਚੋਂ 2,42,755 ਵਿਦਿਆਰਥੀ ਸਫਲਤਾਪੂਰਵਕ ਪਾਸ ਹੋਏ ਹਨ। ਬੋਰਡ ਵੱਲੋਂ ਜਾਰੀ ਕੀਤੇ ਅੰਕੜਿਆਂ ਅਨੁਸਾਰ ਇਸ ਸਾਲ ਦੀ ਕੁੱਲ ਪਾਸ ਪ੍ਰਤੀਸ਼ਤਤਾ 91.46% ਰਹੀ ਹੈ। ਜੇਕਰ ਪਿਛਲੇ ਸਾਲ (2025) ਦੀ ਗੱਲ ਕਰੀਏ ਤਾਂ ਉਸ ਸਮੇਂ ਪਾਸ ਪ੍ਰਤੀਸ਼ਤਤਾ 91.00% ਸੀ, ਜਿਸ ਤੋਂ ਸਪੱਸ਼ਟ ਹੈ ਕਿ ਇਸ ਵਾਰ ਵਿਦਿਆਰਥੀਆਂ ਦੇ ਪ੍ਰਦਰਸ਼ਨ ਵਿੱਚ ਸੁਧਾਰ ਹੋਇਆ ਹੈ। ਲੜਕੀਆਂ ਨੇ ਫਿਰ ਮਾਰੀ ਬਾਜ਼ੀਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਲੜਕੀਆਂ ਨੇ ਲੜਕਿਆਂ ਨੂੰ ਪਛਾੜਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਲੜਕੀਆਂ ਦੀ ਪਾਸ ਪ੍ਰਤੀਸ਼ਤਤਾ 94.73% ਰਹੀ, ਜਦਕਿ ਲੜਕਿਆਂ ਦੀ ਪਾਸ ਪ੍ਰਤੀਸ਼ਤਤਾ 88.52% ਦਰਜ ਕੀਤੀ ਗਈ। ਇਹ ਅੰਕੜਾ ਦਰਸਾਉਂਦਾ ਹੈ ਕਿ ਸੂਬੇ ਵਿੱਚ ਲੜਕੀਆਂ ਦੀ ਸਿੱਖਿਆ ਪ੍ਰਤੀ ਜਾਗਰੂਕਤਾ ਅਤੇ ਮਿਹਨਤ ਲਗਾਤਾਰ ਰੰਗ ਲਿਆ ਰਹੀ ਹੈ। ਇਸ ਤੋਂ ਇਲਾਵਾ, ਇਸ ਪ੍ਰੀਖਿਆ ਵਿੱਚ ਬੈਠੇ 6 ਟ੍ਰਾਂਸਜੈਂਡਰ ਵਿਦਿਆਰਥੀਆਂ ਨੇ ਵੀ 100% ਨਤੀਜਾ ਹਾਸਲ ਕਰਕੇ ਇਤਿਹਾਸ ਰਚਿਆ ਹੈ। ਮੈਰਿਟ ਸੂਚੀ ਅਤੇ ਟਾਪਰਸ (Toppers)ਇਸ ਸਾਲ ਮੈਰਿਟ ਸੂਚੀ ਵਿੱਚ ਤਿੰਨ ਵਿਦਿਆਰਥਣਾਂ ਨੇ ਸਾਂਝੇ ਤੌਰ 'ਤੇ ਪਹਿਲਾ ਸਥਾਨ ਹਾਸਲ ਕੀਤਾ ਹੈ, ਜਿਨ੍ਹਾਂ ਨੇ 500 ਵਿੱਚੋਂ 500 (100%) ਅੰਕ ਪ੍ਰਾਪਤ ਕੀਤੇ ਹਨ: ਸੁਖਨੀਤ ਕੌਰ (ਮਾਨਸਾ) - ਸਾਇੰਸ ਗਰੁੱਪ ਸੁਹਾਨੀ ਚੌਹਾਨ (ਲੁਧਿਆਣਾ) - ਹਿਊਮੈਨਟੀਜ਼ ਗਰੁੱਪਦੀਵਾਂਸ਼ੀ (ਲੁਧਿਆਣਾ) - ਹਿਊਮੈਨਟੀਜ਼ ਗਰੁੱਪਇਹਨਾਂ ਤੋਂ ਇਲਾਵਾ ਹੋਰ ਕਈ ਵਿਦਿਆਰਥੀਆਂ ਨੇ ਵੀ 99% ਤੋਂ ਵੱਧ ਅੰਕ ਲੈ ਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਪਟਿਆਲਾ ਜ਼ਿਲ੍ਹੇ ਦੇ ਸਭ ਤੋਂ ਵੱਧ 59 ਵਿਦਿਆਰਥੀ ਸੂਬੇ ਦੀ ਮੈਰਿਟ ਸੂਚੀ ਵਿੱਚ ਸ਼ਾਮਲ ਹੋਏ ਹਨ। ਸਟ੍ਰੀਮ-ਵਾਰ ਪ੍ਰਦਰਸ਼ਨ (Stream-wise Results)ਵੱਖ-ਵੱਖ ਵਿਸ਼ਿਆਂ ਅਨੁਸਾਰ ਨਤੀਜੇ ਇਸ ਪ੍ਰਕਾਰ ਰਹੇ:ਕਾਮਰਸ (Commerce): 98.78% (ਸਭ ਤੋਂ ਵੱਧ) ਸਾਇੰਸ (Science): 98.47% ਹਿਊਮੈਨਟੀਜ਼ (Humanities): 87.74% ਵੋਕੇਸ਼ਨਲ (Vocational): 87.80% ਸ਼ਹਿਰੀ ਬਨਾਮ ਪੇਂਡੂ ਖੇਤਰਨਤੀਜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਪੇਂਡੂ ਖੇਤਰ ਦੇ ਵਿਦਿਆਰਥੀਆਂ ਨੇ ਸ਼ਹਿਰੀ ਖੇਤਰ ਦੇ ਮੁਕਾਬਲੇ ਥੋੜ੍ਹਾ ਬਿਹਤਰ ਪ੍ਰਦਰਸ਼ਨ ਕੀਤਾ ਹੈ। ਪੇਂਡੂ ਸਕੂਲਾਂ ਦੀ ਪਾਸ ਪ੍ਰਤੀਸ਼ਤਤਾ 91.63% ਰਹੀ,




ਜਦਕਿ ਸ਼ਹਿਰੀ ਖੇਤਰ ਦੇ ਸਕੂਲਾਂ ਦੀ 91.24% ਰਹੀ। ਸਰਕਾਰੀ ਸਕੂਲਾਂ ਦਾ ਨਤੀਜਾ ਵੀ ਸ਼ਾਨਦਾਰ ਰਿਹਾ ਹੈ, ਜਿਸਦੀ ਪਾਸ ਪ੍ਰਤੀਸ਼ਤਤਾ 91.41% ਦਰਜ ਕੀਤੀ ਗਈ ਹੈ। ਅਗਲੇ ਕਦਮ (Supplementary and Re-evaluation) ਜਿਹੜੇ ਵਿਦਿਆਰਥੀ ਕਿਸੇ ਕਾਰਨ ਕਰਕੇ ਫੇਲ੍ਹ ਹੋ ਗਏ ਹਨ ਜਾਂ ਜਿਨ੍ਹਾਂ ਦੀ ਕੰਪਾਰਟਮੈਂਟ (ਸਪਲੀ) ਆਈ ਹੈ, ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ। ਬੋਰਡ ਵੱਲੋਂ ਜਲਦੀ ਹੀ ਸਪਲੀਮੈਂਟਰੀ ਪ੍ਰੀਖਿਆਵਾਂ ਦੀਆਂ ਤਰੀਕਾਂ ਦਾ ਐਲਾਨ ਕੀਤਾ ਜਾਵੇਗਾ। ਇਸ ਦੇ ਨਾਲ ਹੀ, ਜਿਹੜੇ ਵਿਦਿਆਰਥੀ ਆਪਣੇ ਅੰਕਾਂ ਤੋਂ ਸੰਤੁਸ਼ਟ ਨਹੀਂ ਹਨ, ਉਹ 'ਰੀ-ਚੈਕਿੰਗ' ਜਾਂ 'ਰੀ-ਇਵੈਲੂਏਸ਼ਨ' ਲਈ ਅਪਲਾਈ ਕਰ ਸਕਦੇ ਹਨ।

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਮੂਹ ਪਾਸ ਹੋਏ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਡਿਜੀਟਲ ਮੁਲਾਂਕਣ (On-Screen Marking) ਪ੍ਰਣਾਲੀ ਨੇ ਨਤੀਜਿਆਂ ਨੂੰ ਪਾਰਦਰਸ਼ੀ ਅਤੇ ਸਮੇਂ ਸਿਰ ਬਣਾਉਣ ਵਿੱਚ ਮਦਦ ਕੀਤੀ ਹੈ।ਪੇਂਡੂ ਸਕੂਲਾਂ ਦੀ ਪਾਸ ਪ੍ਰਤੀਸ਼ਤਤਾ 91.63% ਰਹੀ, ਜਦਕਿ ਸ਼ਹਿਰੀ ਖੇਤਰ ਦੇ ਸਕੂਲਾਂ ਦੀ 91.24% ਰਹੀ। ਸਰਕਾਰੀ ਸਕੂਲਾਂ ਦਾ ਨਤੀਜਾ ਵੀ ਸ਼ਾਨਦਾਰ ਰਿਹਾ ਹੈ, ਜਿਸਦੀ ਪਾਸ ਪ੍ਰਤੀਸ਼ਤਤਾ 91.41% ਦਰਜ ਕੀਤੀ ਗਈ ਹੈ।

# ਡੀਜ਼ਲ ਤੇ ਖਾਦਾਂ ਦੀ ਮਹਿੰਗਾਈ ਨਾਲ ਕਿਸਾਨ-ਮਜ਼ਦੂਰ ਹੋਣਗੇ ਹੋਰ ਸੰਕਟਗ੍ਰਸਤ : ਕਿਸਾਨ ਸਭਾ



15 ਮਈ ਦੇ ਚੰਡੀਗੜ੍ਹ ਕਿਸਾਨ ਮਾਰਚ ਵਿੱਚ ਵੱਡੀ ਸ਼ਮੂਲੀਅਤ ਦਾ ਐਲਾਨ।

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ, 12 ਮਈ :

ਕੁੱਲ ਹਿੰਦ ਕਿਸਾਨ ਸਭਾ ਦੀ ਜ਼ਿਲ੍ਹਾ ਕੌਂਸਲ ਤਰਨ ਤਾਰਨ ਦੀ ਅਹਿਮ ਮੀਟਿੰਗ ਅਵਤਾਰ ਸਿੰਘ ਪਲਾਸੌਰ ਦੀ ਪ੍ਰਧਾਨਗੀ ਹੇਠ ਸਥਾਨਕ ਦੇਸ਼ ਭਗਤ ਅਰਜਨ ਸਿੰਘ ਗੜਗੱਜ ਭਵਨ ਵਿਖੇ ਹੋਈ। ਮੀਟਿੰਗ ਦੌਰਾਨ ਸੰਯੁਕਤ ਕਿਸਾਨ ਮੋਰਚਾ ਵੱਲੋਂ 15 ਮਈ ਨੂੰ ਚੰਡੀਗੜ੍ਹ ਵਿਖੇ ਗਵਰਨਰ ਹਾਊਸ ਵੱਲ ਕੀਤੇ ਜਾਣ ਵਾਲੇ ਕਿਸਾਨ ਮਾਰਚ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ।

ਜਨਰਲ ਸਕੱਤਰ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਅਤੇ ਪੰਜਾਬ ਨਾਲ ਕੀਤੇ ਜਾ ਰਹੇ ਧੱਕਿਆਂ ਖ਼ਿਲਾਫ਼ ਕਿਸਾਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾਈ ਵਰਕਿੰਗ ਪ੍ਰਧਾਨ ਮਹਾਂਵੀਰ ਸਿੰਘ ਗਿੱਲ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਲਗਾਤਾਰ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਪੱਕੀ ਮੈਂਬਰੀ ਖਤਮ ਕਰ ਦਿੱਤੀ ਗਈ ਹੈ, ਜਦਕਿ ਚੰਡੀਗੜ੍ਹ ਨੂੰ ਪੰਜਾਬ ਹਵਾਲੇ ਕਰਨ ਦਾ ਮਸਲਾ ਵੀ ਲੰਬੇ ਸਮੇਂ ਤੋਂ ਲਟਕਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਵੀ ਚੰਡੀਗੜ੍ਹ ਅਤੇ ਹੋਰ ਨੇੜਲੇ ਸੂਬਿਆਂ ਵਿੱਚ ਬਣਦਾ ਸਤਿਕਾਰ ਨਹੀਂ ਮਿਲ ਰਿਹਾ।

ਉਨ੍ਹਾਂ ਦੋਸ਼ ਲਗਾਇਆ ਕਿ ਪੰਜਾਬ ਦੇ ਪਾਣੀਆਂ ਦੇ ਮਸਲੇ ਨੂੰ ਜਾਣਬੁੱਝ ਕੇ ਉਲਝਾਇਆ ਜਾ ਰਿਹਾ ਹੈ ਅਤੇ ਪੰਜਾਬ ਦਾ ਪਾਣੀ ਹੋਰ ਸੂਬਿਆਂ ਨੂੰ ਦੇਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦੀ ਸੁਰੱਖਿਆ ਲਈ ਹਮੇਸ਼ਾ ਮੋਹਰੀ ਰਿਹਾ ਹੈ, ਪਰ ਇਸ ਦੇ ਬਾਵਜੂਦ ਪੰਜਾਬ ਨਾਲ ਬੇਇਨਸਾਫ਼ੀ ਕੀਤੀ ਜਾ ਰਹੀ ਹੈ।ਕਿਸਾਨ ਆਗੂ ਗੁਰਪ੍ਰੀਤ ਸਿੰਘ ਗੰਡੀਵਿੰਡ, ਦਰਸ਼ਨ ਸਿੰਘ ਬਿਹਾਰੀਪੁਰ ਅਤੇ ਹਰਵਿੰਦਰ ਸਿੰਘ ਕਸੇਲ ਨੇ ਕਿਹਾ ਕਿ ਸਾਰੀਆਂ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਨਾ ਮਿਲਣ ਕਾਰਨ ਛੋਟੀ ਅਤੇ ਦਰਮਿਆਨੀ ਕਿਸਾਨੀ ਪਹਿਲਾਂ ਹੀ ਸੰਕਟ ਵਿੱਚ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਡੀਜ਼ਲ, ਖਾਦਾਂ ਅਤੇ ਹੋਰ ਲੋੜੀਂਦੀਆਂ ਵਸਤਾਂ ਦੇ ਰੇਟ ਵਧਣ ਨਾਲ ਕਿਸਾਨਾਂ ਅਤੇ ਮਜ਼ਦੂਰਾਂ ਦੀ ਆਰਥਿਕ ਹਾਲਤ ਹੋਰ ਖਰਾਬ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਖੇਤੀਬਾੜੀ ਦਾ ਵੱਡਾ ਹਿੱਸਾ ਡੀਜ਼ਲ 'ਤੇ ਨਿਰਭਰ ਹੈ, ਇਸ ਲਈ ਮਹਿੰਗਾਈ ਦਾ ਸਿੱਧਾ ਅਸਰ ਖੇਤੀ ਲਾਗਤ 'ਤੇ ਪਵੇਗਾ।

ਆਗੂਆਂ ਨੇ ਮੰਗ ਕੀਤੀ ਕਿ ਕਿਸਾਨਾਂ ਅਤੇ ਮਜ਼ਦੂਰਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣ, ਨੌਜਵਾਨਾਂ ਨੂੰ ਰੁਜ਼ਗਾਰ ਦੀ ਗਰੰਟੀ ਦਿੱਤੀ ਜਾਵੇ ਅਤੇ ਹਿੰਦ-ਪਾਕਿ ਬਾਰਡਰ ਵਾਹਘਾ ਅਤੇ ਹੁਸੈਨੀਵਾਲਾ ਰਾਹੀਂ ਅੰਤਰਰਾਸ਼ਟਰੀ ਵਪਾਰ ਮੁੜ ਸ਼ੁਰੂ ਕੀਤਾ ਜਾਵੇ।

ਇਸ ਮੌਕੇ ਦਰਸ਼ਨ ਸਿੰਘ ਬਿਹਾਰੀਪੁਰ, ਰਾਣਾ ਰਣਜੀਤ ਸਿੰਘ ਵਾਂ, ਮੋਤਾ ਸਿੰਘ ਝਬਾਲ, ਪਰਮਜੀਤ ਸਿੰਘ ਚੋਹਲਾ, ਬਾਬਾ ਹੀਰਾ ਸਿੰਘ ਤਲਵੰਡੀ, ਤਾਰਾ ਸਿੰਘ ਖਹਿਰਾ, ਸੁਰਜੀਤ ਸਿੰਘ ਠੱਠੀ, ਕਾਰਜ ਸਿੰਘ ਕੈਰੋਂ, ਗੁਰਦਿਆਲ ਸਿੰਘ ਵਰਨਾਲਾ, ਡਾ. ਗੁਰਭੇਜ ਸਿੰਘ ਸੋਹਲ, ਲਹਿਰੀ ਮੀਆਂਪੁਰ ਅਤੇ ਕਾਮਰੇਡ ਚਰਨ ਸਿੰਘ ਸਮੇਤ ਹੋਰ ਆਗੂਆਂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

# 100 ਫੀਸਦੀ ਨਤੀਜੇ ਨਾਲ ਸ਼ਾਹ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀ ਵਲਾਹ ਨੇ ਫਿਰ ਵਧਾਇਆ ਸ਼ਿੱਪਸ ਇੰਸਟੀਚਿਊਟ ਦਾ ਮਾਣ।




ਚੋਹਲਾ ਸਾਹਿਬ 13 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)— ।

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਸ਼੍ਰੇਣੀ ਦੇ ਨਤੀਜਿਆਂ ਵਿੱਚ ਇਲਾਕੇ ਦੀ ਮਾਣਮੱਤੀ ਵਿਦਿਅਕ ਸੰਸਥਾ ਸ਼ਾਹ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀ ਵਲਾਹ ਨੇ ਇਕ ਵਾਰ ਫਿਰ ਆਪਣੀ ਸ਼ਾਨਦਾਰ ਵਿਦਿਅਕ ਪਰੰਪਰਾ ਨੂੰ ਕਾਇਮ ਰੱਖਦਿਆਂ 100 ਫੀਸਦੀ ਨਤੀਜਾ ਹਾਸਲ ਕਰਕੇ ਕਾਮਯਾਬੀ ਦਾ ਨਵਾਂ ਇਤਿਹਾਸ ਰਚ ਦਿੱਤਾ। ਸਕੂਲ ਦੇ ਸਾਰੇ ਹੀ ਵਿਦਿਆਰਥੀਆਂ ਨੇ ਉੱਚ ਅੰਕਾਂ ਨਾਲ ਪ੍ਰੀਖਿਆ ਪਾਸ ਕਰਕੇ ਇਹ ਸਾਬਤ ਕਰ ਦਿੱਤਾ ਕਿ ਜਿੱਥੇ ਮਿਹਨਤ ਨੂੰ ਮਕਸਦ ਅਤੇ ਸਿੱਖਿਆ ਨੂੰ ਸੰਸਕਾਰ ਬਣਾਇਆ ਜਾਵੇ, ਉੱਥੇ ਕਾਮਯਾਬੀ ਖੁਦ ਕਦਮ ਚੁੰਮਦੀ ਹੈ।ਸਕੂਲ ਦੇ ਹੋਣਹਾਰ ਵਿਦਿਆਰਥੀ ਅਨਮੋਲਦੀਪ ਕੌਰ ਅਤੇ ਨਵਤੇਜ ਸਿੰਘ ਨੇ 88 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ, ਅਨਮੋਲਦੀਪ ਕੌਰ 86% ਦੂਜਾ ਅਤੇ ਗੁਰਲੀਨ ਕੌਰ 85% ਨੰਬਰ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕਰ ਆਪਣੇ ਮਾਪਿਆਂ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਹੋਰ ਵਿਦਿਆਰਥੀਆਂ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਫਲਤਾ ਦੀ ਉਹ ਤਸਵੀਰ ਪੇਸ਼ ਕੀਤੀ ਜਿਸ ਨੇ ਸਕੂਲ ਦੇ ਵਿਦਿਅਕ ਮਿਆਰ ਨੂੰ ਹੋਰ ਉੱਚਾ ਕਰ ਦਿੱਤਾ।ਇਸ ਮੌਕੇ ਸਕੂਲ ਦੇ ਕਾਰਜਕਾਰੀ ਪ੍ਰਧਾਨ ਸ੍ਰੀਮਤੀ ਸ਼ੱਸ਼ੀ ਸ਼ਰਮਾ, ਐਜੂਕੇਸ਼ਨਲ ਡਾਇਰੈਕਟਰ ਮੈਡਮ ਨਵਦੀਪ ਕੌਰ ਸੰਧੂ, ਸ. ਗੁਲਵਿੰਦਰ ਸਿੰਘ ਸੰਧੂ, ਮਦਨ ਪਠਾਣੀਆਂ ਅਤੇ ਪ੍ਰਿੰਸੀਪਲ ਸ. ਨਿਰਭੈ ਸਿੰਘ ਸੰਧੂ ਨੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਨਤੀਜੇ ਕੇਵਲ ਅੰਕਾਂ ਦੀ ਜਿੱਤ ਨਹੀਂ, ਸਗੋਂ ਅਣਥੱਕ ਮਿਹਨਤ, ਅਨੁਸ਼ਾਸਨ ਅਤੇ ਵਿਸ਼ਵਾਸ ਦੀ ਰੌਸ਼ਨ ਮਿਸਾਲ ਹਨ। ਉਨ੍ਹਾਂ ਕਿਹਾ ਕਿ ਸਕੂਲ ਦੇ ਵਿਦਿਆਰਥੀ ਸਾਲ ਭਰ ਪੜ੍ਹਾਈ ਦੇ ਨਾਲ-ਨਾਲ ਜੋਨ ਪੱਧਰ, ਜ਼ਿਲ੍ਹਾ ਪੱਧਰ ਅਤੇ ਪੰਜਾਬ ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲੈ ਕੇ ਆਪਣੀ ਵੱਖਰੀ ਪਛਾਣ ਬਣਾਉਂਦੇ ਰਹੇ ਹਨ।ਉਨ੍ਹਾਂ ਕਿਹਾ ਕਿ "ਉਮੀਦਾਂ ਮਨੁੱਖ ਨੂੰ ਕੋਸ਼ਿਸ਼ ਕਰਨ ਦੀ ਤਾਕਤ ਦਿੰਦੀਆਂ ਹਨ ਅਤੇ ਅਣਥੱਕ ਕੋਸ਼ਿਸ਼ ਹੀ ਸਫਲਤਾ ਦੀ ਅਸਲੀ ਚਾਬੀ ਹੁੰਦੀ ਹੈ।"ਸਕੂਲ ਪ੍ਰਬੰਧਕਾਂ ਨੇ ਇਸ ਸ਼ਾਨਦਾਰ ਪ੍ਰਾਪਤੀ ਦਾ ਸਿਹਰਾ ਮਿਹਨਤੀ ਅਧਿਆਪਕਾਂ, ਵਿਦਿਆਰਥੀਆਂ ਦੀ ਲਗਨ ਅਤੇ ਮਾਪਿਆਂ ਦੇ ਅਟੁੱਟ ਵਿਸ਼ਵਾਸ ਨੂੰ ਦਿੰਦਿਆਂ ਕਿਹਾ ਕਿ ਜਿਨ੍ਹਾਂ ਹੱਥਾਂ ਨੇ ਸਾਲ ਭਰ ਕਲਮ ਨੂੰ ਮਿਹਨਤ ਦੀ ਇਬਾਦਤ ਬਣਾਇਆ, ਅੱਜ ਉਹਨਾਂ ਹੀ ਹੱਥਾਂ ਨੇ ਕਾਮਯਾਬੀ ਦੇ ਝੰਡੇ ਲਹਿਰਾਏ ਹਨ।ਅੰਤ ਵਿੱਚ ਸਕੂਲ ਪ੍ਰਬੰਧਨ ਨੇ ਵਿਦਿਆਰਥੀਆਂ ਨੂੰ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਇਹ ਕਾਮਯਾਬੀਆਂ ਨਾ ਸਿਰਫ਼ ਸਕੂਲ ਦੀ ਸ਼ਾਨ ਹਨ, ਸਗੋਂ ਇਲਾਕੇ ਦੇ ਚੰਗੇਰੇ ਭਵਿੱਖ ਦੀ ਉਮੀਦ ਵੀ ਹਨ।




# ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨਾਲ ਚਟਾਨ ਵਾਂਗ ਖੜ੍ਹੇ ਹਾਂ : ਜਥੇਦਾਰ ਸਤਨਾਮ ਸਿੰਘ ਸੱਤਾ



ਚੋਹਲਾ ਸਾਹਿਬ 12 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)

ਹਲਕਾ ਖਡੂਰ ਸਾਹਿਬ ਤੋਂ ਸ੍ਰੋਮਣੀ ਅਕਾਲੀ ਦਲ ਬਾਦਲ ਦੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਜੋ ਮਾਝੇ ਦੇ ਜਰਨੈਲ ਰਣਜੀਤ ਸਿੰਘ ਬ੍ਰਹਮਪੁਰਾ ਦੇ ਸਪੁੱਤਰ ਹਨ ਵੱਲੋਂ ਹਲਕਾ ਖਡੂਰ ਸਾਹਿਬ ਦਾ ਵਿਕਾਸ ਜੰਗੀ ਪੱਧਰ ਤੇ ਕਰਵਾਇਆ ਗਿਆ ਜਿਸ ਕਾਰਨ ਹਲਕਾ ਖਡੂਰ ਸਾਹਿਬ ਦੇ ਵਸਨੀਕ ਬ੍ਰਹਮਪੁਰਾ ਦਾ ਖਾਸ ਸਤਿਕਾਰ ਕਰਦੇ ਹਨ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਜਥੇਦਾਰ ਸਤਨਾਮ ਸਿੰਘ ਸੱਤਾ ਬਲਾਕ ਸੰਮਤੀ ਮੈਂਬਰ ਚੋਹਲਾ ਸਾਹਿਬ ਨੇ ਪੱਤਰਕਾਰਾਂ ਨਾਲ ਗਲੱਬਾਤ ਦੌਰਾਨ ਕੀਤਾ।ਉਹਨਾਂ ਕਿਹਾ ਕਿ ਉਹ ਹਮੇਸ਼ਾਂ ਰਵਿੰਦਰ ਸਿੰਘ ਬ੍ਰਹਮਪੁਰਾ ਦੇ ਨਾਲ ਚਟਾਨ ਵਾਂਗ ਖੜ੍ਹੇ ਹਨ। ਉਹਨਾਂ ਕਿਹਾ ਕਿ ਮਾਝੇ ਦੇ ਜਰਨੈਲ ਰਣਜੀਤ ਸਿੰਘ ਬ੍ਰਹਮਪੁਰਾ ਵੱਲੋਂ ਚੋਹਲਾ ਸਾਹਿਬ ਦੇ ਨਾਲ ਨਾਲ ਫਤਿਹਾਬਾਦ ਅਤੇ ਖਡੂਰ ਸਾਹਿਬ ਨੂੰ ਸੁੰਦਰੀਕਰਨ ਕੀਤਾ ਗਿਆ ਅਤੇ ਸਾਰੇ ਹਲਕੇ ਵਿੱਚ ਸੀਵਰੇਜ਼ ਪਵਾਏ ਅਤੇ ਘਰ ਘਰ ਪੀਣ ਵਾਲਾ ਸਾਫ ਪਾਣੀ ਪਹੁੰਚਾਇਆ।ਉਹਨਾਂ ਦੱਸਿਆ ਕਿ ਰਣਜੀਤ ਸਿੰਘ ਬ੍ਰਹਮਪੁਰਾ ਦੇ ਉੱਦਮਾ ਸਦਕਾ ਹਲਕਾ ਖਡੂਰ ਸਾਹਿਬ ਦਾ ਨਾਮ ਪੂਰੀ ਦੁਨੀਆਂ ਵਿੱਚ ਮਸ਼ਹੂਰ ਹੋਇਆ ਕਿਉਂਕਿ ਉਹਨਾਂ ਨੇ ਵਿਕਾਸ ਦੇ ਨਾਲ ਨਾਲ ਪਿੰਡ ਚੋਹਲਾ ਸਾਹਿਬ ਵਿਖੇ ਅੰਤਰਰਾਸ਼ਟਰੀ ਖੇਡ ਬਟੇਡੀਅਮ ਦੀ ਸਥਾਪਨਾ ਕਰਵਾਈ ਜਿੱਥੇ ਲੱਖਾਂ ਦੀ ਗਿਣਤੀ ਵਿੱਚ ਖਿਡਾਰੀਆਂ ਦੀਆਂ ਖੇਡਾਂ ਕਰਵਾਈਆਂ ਜਾ ਚੁੱਕੀਆਂ ਹਨ ਅਤੇ ਹੁਣ ਵੀ ਸਮੇਂ ਸਮੇਂ ਤੇ ਸਟੇਡੀਅਮ ਵਿੱਚ ਖੇਡਾਂ ਕਰਵਾਈਆਂ ਜਾਂਦੀਆਂ ਹਨ।ਉਹਨਾਂ ਕਿਹਾ ਕਿ ਰਵਿੰਦਰ ਸਿੰਘ ਬ੍ਰਹਮਪੁਰਾ ਦਾ ਸਾਥ ਦੇਣ ਲਈ ਹਲਕਾ ਖਡੂਰ ਸਾਹਿਬ ਦੇ ਲੋਕ ਉਹਨਾਂ ਦੇ ਮੋਢੇ ਨਾਲ ਮੋਢਾ ਜੋੜਕੇ ਖੜੇ ਹਨ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com



# ਪਾਵਰਕਾਮ-ਟ੍ਰਾਂਸਕੋ ਦੇ ਆਊਟਸੋਰਸਿੰਗ ਕਾਮਿਆਂ ਨੂੰ ਰੈਗੂਲਰ ਕਰਨ ਦੀ ਉਠੀ ਗੂੰਜ



## 17 ਨੂੰ ਜਲੰਧਰ ਕਨਵੈਨਸ਼ਨ ਅਤੇ 19 ਮਈ ਮੁਹਾਲੀ ਰੈਲੀ ਵਿੱਚ ਵੱਡੀ ਸ਼ਮੂਲੀਅਤ ਦਾ ਸੱਦਾ।

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ, 12 ਮਈ

ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀਐਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੀ ਸੂਬਾ ਕਮੇਟੀ ਨੇ ਪਾਵਰਕਾਮ ਅਤੇ ਟ੍ਰਾਂਸਕੋ ਕਾਰਪੋਰੇਸ਼ਨਾਂ ਵਿੱਚ ਪਿਛਲੇ ਲੰਬੇ ਸਮੇਂ ਤੋਂ ਪੈਸਕੋ ਸਮੇਤ ਹੋਰ ਆਊਟਸੋਰਸਿੰਗ ਏਜੰਸੀਆਂ ਰਾਹੀਂ ਠੇਕੇ 'ਤੇ ਕੰਮ ਕਰ ਰਹੇ ਕਾਮਿਆਂ ਦੀਆਂ ਸੇਵਾਵਾਂ ਰੈਗੂਲਰ ਕਰਕੇ ਉਨ੍ਹਾਂ ਨੂੰ ਵਿਭਾਗ ਦੇ ਰੋਲ 'ਤੇ ਲੈਣ ਦੀ ਜ਼ੋਰਦਾਰ ਮੰਗ ਕੀਤੀ ਹੈ। ਜਥੇਬੰਦੀ ਨੇ ਕਿਹਾ ਕਿ ਇਸ ਨਾਲ ਨਾ ਸਿਰਫ਼ ਠੇਕੇਦਾਰੀ ਪ੍ਰਥਾ ਦਾ ਖਾਤਮਾ ਹੋਵੇਗਾ, ਸਗੋਂ ਕਾਮਿਆਂ ਦਾ ਆਰਥਿਕ ਸ਼ੋਸ਼ਣ ਵੀ ਰੁਕੇਗਾ।

ਇਸ ਸਬੰਧੀ ਜਥੇਬੰਦੀ ਦੀ ਸੂਬਾ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਮਨਜੀਤ ਸਿੰਘ ਬਾਸਰਕੇ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਜਥੇਬੰਦੀ ਦੇ ਆਗੂਆਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਪੈਸਕੋ ਅਤੇ ਹੋਰ ਏਜੰਸੀਆਂ ਰਾਹੀਂ ਕੰਮ ਕਰਦੇ ਕਾਮਿਆਂ ਦੇ ਸਿਰ 'ਤੇ ਲਟਕ ਰਹੀ ਰੁਜ਼ਗਾਰ ਖੋਹੇ ਜਾਣ ਦੀ ਤਲਵਾਰ ਨੂੰ ਖਤਮ ਕਰਨ ਲਈ ਤੁਰੰਤ ਦਖ਼ਲਅੰਦਾਜ਼ੀ ਕੀਤੀ ਜਾਵੇ।

ਮੀਟਿੰਗ ਵਿੱਚ ਰਾਕੇਸ਼ ਸੈਣੀ, ਦਵਿੰਦਰ ਸਿੰਘ ਰੋਪੜ, ਮਨਿੰਦਰ ਸਿੰਘ ਮੁਕਤਸਰ, ਕੁਲਵਿੰਦਰ ਸਿੰਘ ਬਾਗੜੀਆਂ, ਮੋਹਨ ਸਿੰਘ ਗਿੱਲ, ਅਰੁਣ ਕੁਮਾਰ ਬਠਿੰਡਾ, ਸਾਹਿਬ ਸਿੰਘ ਧਾਲੀਵਾਲ, ਗੁਰਪ੍ਰੀਤ ਸਿੰਘ ਮਹਿਦੂਦਾਂ, ਕ੍ਰਿਸ਼ਨ ਕਾਂਤ ਸੰਗਰੂਰ, ਜਸਵਿੰਦਰ ਸਿੰਘ ਬਰਗਾੜੀ, ਲਖਬੀਰ ਸਿੰਘ ਸੰਗਰੂਰ, ਰਾਮ ਸਿੰਘ ਰੋਪੜ ਅਤੇ ਠਾਕਰਪ੍ਰੀਤ ਸਿੰਘ ਤੋਂ ਇਲਾਵਾ ਕੁੱਲ ਹਿੰਦ ਬਿਜਲੀ ਫੈਡਰੇਸ਼ਨ ਦੇ ਆਗੂ ਗੁਰਪ੍ਰੀਤ ਸਿੰਘ ਗੰਡੀਵਿੰਡ, ਸੁਰਿੰਦਰਪਾਲ ਸਿੰਘ ਲਾਹੌਰੀਆ, ਰਛਪਾਲ ਸਿੰਘ ਪਾਲੀ, ਦਰਸ਼ਨ ਲਾਲ ਮੋਗਾ, ਕਰਮਚੰਦ ਭਾਰਦਵਾਜ, ਜਰਨੈਲ ਸਿੰਘ ਔਲਖ ਅਤੇ ਬਲਜੀਤ ਸਿੰਘ ਮੋਦਲਾ ਨੇ ਵੀ ਸ਼ਮੂਲੀਅਤ ਕੀਤੀ।

ਮੀਟਿੰਗ ਦੀ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਹਰਵਿੰਦਰ ਸਿੰਘ ਅਕਾਲਗੜ੍ਹ ਨੇ ਕਿਹਾ ਕਿ ਪਾਵਰਕਾਮ ਮੈਨੇਜਮੈਂਟ ਨੇ ਹਾਲ ਹੀ ਵਿੱਚ ਸੀਐਚਬੀ ਕਾਮਿਆਂ ਨੂੰ ਵਿਭਾਗ ਦੇ ਰੋਲ 'ਤੇ ਲੈ ਕੇ ਸ਼ਲਾਘਾਯੋਗ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਪੈਸਕੋ ਅਤੇ ਹੋਰ ਏਜੰਸੀਆਂ ਰਾਹੀਂ ਕੰਮ ਕਰ ਰਹੇ ਆਊਟਸੋਰਸਿੰਗ ਕਾਮਿਆਂ ਨੂੰ ਵੀ ਤੁਰੰਤ ਰੈਗੂਲਰ ਕਰਕੇ ਪਿਛਲੇ 15 ਸਾਲਾਂ ਤੋਂ ਘੱਟ ਤਨਖ਼ਾਹ 'ਤੇ ਕੰਮ ਕਰ ਰਹੇ ਕਾਮਿਆਂ ਨੂੰ ਇਨਸਾਫ਼ ਦਿੱਤਾ ਜਾਵੇ।

ਮੀਟਿੰਗ ਦੌਰਾਨ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ 'ਤੇ 17 ਮਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਣ ਵਾਲੀ ਕਨਵੈਨਸ਼ਨ ਵਿੱਚ ਲੱਗੇ ਕੋਟਿਆਂ ਮੁਤਾਬਕ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਗਿਆ। ਇਸੇ ਤਰ੍ਹਾਂ 19 ਮਈ ਨੂੰ ਪੰਜਾਬ ਏਟਕ ਦੇ ਸੱਦੇ 'ਤੇ ਲੇਬਰ ਕਮਿਸ਼ਨਰ ਦਫਤਰ ਮੁਹਾਲੀ ਸਾਹਮਣੇ ਹੋਣ ਵਾਲੇ ਰੋਸ ਧਰਨੇ ਵਿੱਚ ਵੀ ਆਗੂਆਂ ਅਤੇ ਵਰਕਰਾਂ ਨੂੰ ਵਹੀਰਾਂ ਘੱਤ ਕੇ ਪਹੁੰਚਣ ਦੀ ਅਪੀਲ ਕੀਤੀ ਗਈ।

ਜਥੇਬੰਦੀ ਨੇ ਪਾਵਰਕਾਮ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਬਿਜਲੀ ਕਾਮਿਆਂ ਅਤੇ ਪੈਨਸ਼ਨਰਾਂ ਨਾਲ ਹੋਏ ਸਮਝੌਤਿਆਂ ਤਹਿਤ ਮੰਨੀਆਂ ਗਈਆਂ ਮੰਗਾਂ ਨੂੰ ਤੁਰੰਤ ਲਾਗੂ ਕੀਤਾ ਜਾਵੇ ਤਾਂ ਜੋ ਬਿਜਲੀ ਅਦਾਰੇ ਦਾ ਮਾਹੌਲ ਸ਼ਾਂਤ ਅਤੇ ਸੁਚੱਜਾ ਬਣਿਆ ਰਹੇ।

# ਸਿਵਲ ਸਰਜਨ ਡਾ: ਗੁਰਪ੍ਰੀਤ ਸਿੰਘ ਰਾਏ ਵਲੋਂ ਐਚ.ਪੀ.ਵੀ. ਟੀਕਾਕਰਨ ਮੁਹਿੰਮ ਦੀ ਕੀਤੀ ਸਮੀਖਿਆ



ਸਰਕਾਰੀ ਸਿਹਤ ਸੰਸਥਾਵਾਂ *ਚ ਮੁਫਤ ਲੱਗ ਰਹੀ ਵੈਕਸੀਨ—ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ

ਤਰਨ ਤਾਰਨ, 13 ਮਈ ()—ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਅਤੇ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਤੰਦਰੁਸਤ ਨਾਰੀ ਦੇ ਮੰਤਵ ਨਾਲ ਜ਼ਿਲ੍ਹਾ ਤਰਨ ਤਾਰਨ ਦੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੀ ਅਗਵਾਈ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਵਰਿੰਦਰਪਾਲ ਕੌਰ ਦੀ ਦੇਖ—ਰੇਖ ਹੇਠ ਦਫਤਰ ਸਿਵਲ ਸਰਜਨ, ਤਰਨ ਤਾਰਨ ਵਿਖੇ ਹਿਊਮਨ ਪੈਪੀਲੋਮਾ ਵਾਇਰਸ (ਐਚ.ਪੀ.ਵੀ.) ਵੈਕਸੀਨ ਸੰਬੰਧੀ ਸਮੂਹ ਬਲਾਕ ਐਕਸਟੈਨਸ਼ਨਾਂ ਐਜੂਕੇਟਰਾਂ ਅਤੇ ਐਲ.ਐਚ.ਵੀਜ਼ ਨਾਲ ਸਮੀਖਿਆ ਕੀਤੀ ਗਈ।ਇਸ ਮੌਕੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਐਚ.ਪੀ.ਵੀ. ਵੈਕਸੀਨ ਵਿਸ਼ੇਸ਼ ਤੌਰ *ਤੇ 14 ਸਾਲਾਂ ਦੀ ਉਮਰ ਪੂਰੀ ਕਰ ਚੱ◌ਕੀਆਂ ਲੜਕੀਆਂ ਨੂੰ ਜ਼ਿਲ੍ਹੇ ਭਰ ਦੇ ਵਿਚ ਸਿਹਤ ਕਰਮੀਆਂ ਵਲੋਂ ਬਿਲਕੁਲ ਮੁਫਤ ਲਗਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਵੈਕਸੀਨ ਨੂੰ ਲਗਾਉਣ ਦਾ ਮੁੱਖ ਮੰਤਵ ਬੱਚੀਆਂ ਨੂੰ ਸਰਵਿਕਸ (ਬੱਚੇਦਾਨੀ ਦੇ ਮੂੰਹ) ਦੇ ਕੈਂਸਰ ਤੋਂ ਬਚਾਉਣਾ ਹੈ। ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਔਰਤਾਂ *ਚ ਹੋਣ ਵਾਲੇ ਸਰਵਿਕਸ ਕੈਂਸਰ ਦੀ ਰੋਕਥਾਮ ਲਈ ਐਚ.ਪੀ.ਵੀ. ਵੈਕਸੀਨ ਭਾਰਤ ਸਮੇਤ ਕਈ ਮੁਲਕਾਂ ਦੇ ਵਿਚ ਪਹਿਲਾਂ ਤੋਂ ਹੀ ਲਗਾਈ ਜਾ ਰਹੀ ਹੈ ਅਤੇ ਇਹ ਟੀਕਾ ਵਿਸ਼ਵ ਸਿਹਤ ਸੰਸਥਾ ਤੋਂ ਪ੍ਰਮਾਣਿਤ ਹੈ। ਉਨ੍ਹਾਂ ਦੱਸਿਆ ਕਿ ਕੈਂਪਨ ਖਤਮ ਹੋਣ ਤੋਂ ਬਾਅਦ ਵਿਚ ਇਸ ਨੂੰ ਸਰਕਾਰੀ ਸਿਹਤ ਸੰਸਥਾਵਾਂ ਵਿਖੇ ਹਰ ਹਫਤੇ ਲੱਗਣ ਵਾਲੇ ਟੀਕਾਕਰਨ ਸੈਸ਼ਨ ਦੌਰਾਨ ਐਚ.ਪੀ.ਵੀ. ਵੈਕਸੀਨ ਲਗਾਇਆ ਜਾਵੇਗਾ। ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਸਮੂਹ ਸਿਹਤ ਕਰਮੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਭਰ ਦੇ ਵਿਚ ਯੋਗ ਬੱਚੀਆਂ ਨੂੰ ਬਿਨਾਂ ਕਿਸੇ ਦੇਰੀ ਦੇ ਐਚ.ਪੀ.ਵੀ. ਵੈਕਸੀਨ ਲਗਾਈ ਜਾਵੇ।

ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਵਰਿੰਦਰਪਾਲ ਕੌਰ ਨੇ ਦੱਸਿਆ ਕਿ ਐਚ.ਪੀ.ਵੀ. ਵੈਕਸੀਨ ਦੀ ਖ਼ੁਰਾਕ (ਡੋਜ) 14 ਸਾਲਾਂ ਦੇ ਲੜਕੀਆਂ ਨੂੰ ਲਗਾਈ ਜਾ ਰਹੀ ਹੈ ਅਤੇ ਜ਼ਿਲ੍ਹੇ ਦੇ ਵਿੱਚ ਐਚ.ਪੀ.ਵੀ. ਵੈਕਸੀਨ ਲਗਾਉਣ ਦੇ ਲਈ ਜ਼ਿਲ੍ਹੇ ਦੀਆਂ ਸੀ.ਐਚ.ਸੀਜ਼ ਅਤੇ ਪੀ.ਐਚ.ਸੀਜ਼ ਦੇ ਕੋਲਡ ਚੇਨ ਪੁਆਇੰਟਾਂ *ਤੇ ਵਿਸ਼ੇਸ਼ ਟੀਕਾਕਰਨ ਕੈਂਪ ਲਗਾਏ ਜਾ ਰਹੇ ਹਨ, ਤਾਂ ਜੋ ਲਾਭਪਾਤਰੀ ਬੱਚੀਆਂ ਨੂੰ ਸਮੇਂ ਸਿਰ ਇਹ ਵੈਕਸੀਨ ਲਗਾਈ ਜਾਵੇ। ਉਨ੍ਹਾਂ ਦੱਸਿਆ ਕਿ ਜੇਕਰ ਐਚ.ਪੀ.ਵੀ. ਵੈਕਸੀਨ ਬੱਚੇ ਨੂੰ ਸਮੇਂ ਸਿਰ ਲਗਾਈ ਜਾਵੇ ਤਾਂ ਸਰਵਿਕਸ ਕੈਂਸਰ ਵਰਗੀ ਬਿਮਾਰੀ ਦੇ ਹੋਣ ਦੇ ਖਦਸ਼ੇ ਨੂੰ ਰੋਕਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਵੈਕਸੀਨ ਲਗਵਾਉਣ ਨਾਲ ਕੈਂਸਰ ਕਾਰਨ ਹੋਣ ਵਾਲੀਆਂ ਮੌਤਾਂ ਨੂੰ ਰੋਕਿਆ ਜਾ ਸਕਦਾ ਹੈ। ਜੇਕਰ ਕੋਈ ਲੜਕੀ ਕਿਸੇ ਬਿਮਾਰੀ ਤੋਂ ਪਹਿਲਾਂ ਹੀ ਪੀੜਤ ਹੈ ਜਾਂ ਫਿਰ ਲੰਮਾ ਸਮਾਂ ਚੱਲਣ ਵਾਲੀ ਦਵਾਈ ਖਾ ਰਹੀ ਹੈ ਤਾਂ ਅਜਿਹਾ ਹਲਾਤਾਂ ਦੇ ਵਿੱਚ ਉਸ ਬੱਚੀ ਨੂੰ ਇਹ ਵੈਕਸੀਨ ਨਹੀਂ ਲਗਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸਮੂਹ ਸੀਨੀਅਰ ਮੈਡੀਕਲ ਅਫਸਰਜ਼ ਆਪਣੇ ਆਪਣੇ ਬਲਾਕਾਂ ਵਿਚ ਕੈਂਪਾਂ ਦੀ ਸੁਪਰਵਿਜ਼ਨ ਕਰਨ ਅਤੇ ਐਚ.ਪੀ.ਵੀ. ਵੈਕਸੀਨ ਨੂੰ ਸਿਹਤ ਕਰਮੀਆਂ ਵਲੋਂ ਹਰ ਹਫਤੇ ਬੁੱਧਵਾਰ ਨੂੰ ਲੱਗਣ ਵਾਲੇ ਮਮਤਾ ਦਿਵਸ ਸੈਸ਼ਨਾਂ ਦੌਰਾਨ ਲਗਾਉਣਾ ਯਕੀਨੀ ਬਣਾਇਆ ਜਾਵੇ ਅਤੇ ਸਿਹਤ ਕਰਮੀ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਸ਼ਹਿਰ ਅਤੇ ਪਿੰਡਾਂ ਤੋਂ ਇਲਾਵਾ ਹਾਈਰਿਸਕ ਆਬਾਦੀ ਜਿਵੇਂ ਕਿ ਇੱਟਾਂ ਦੇ ਭੱਠੇ, ਝੁੱਗੀਆਂ ਅਤੇ ਗੁੱ◌ਜਰਾਂ ਦੇ ਡੇਰਿਆਂ *ਤੇ ਜਾ ਕੇ ਵੀ ਐਚ.ਪੀ.ਵੀ. ਵੈਕਸੀਨ ਬਾਰੇ ਵੱਧ ਤੋਂ ਵੱਧ ਪ੍ਰਚਾਰ ਪ੍ਰਸਾਰ ਕਰਨ, ਤਾਂ ਜੋ ਇਸ ਦਾ ਲਾਭ ਹਰ ਇੱਕ ਯੋਗ ਲਾਭਪਾਤਰੀ ਪ੍ਰਾਪਤ ਕਰ ਸਕੇ।ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਅਨੀਮਿਆ ਮੁਕਤ ਭਾਰਤ ਸੰਬੰਧੀ ਵੀ ਜਾਂਚ ਮੁਹਿੰਮ ਲਗਾਤਾਰ ਜਾਰੀ ਹੈ। ਸਕੂਲ ਹੈਲਥ ਟੀਮਾਂ ਮੈਡੀਕਲ ਅਫ਼ਸਰਾਂ ਦੀ ਅਗਵਾਈ ਹੇਠ ਸਕੂਲਾਂ ਵਿਚ ਜਾ ਕੇ 10 ਤੋਂ 19 ਸਾਲ ਤੱਕ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿਚ ਖ਼ੂਨ ਦੀ ਜਾਂਚ ਕੀਤੀ ਜਾ ਰਹੀ ਹੈ, ਤਾਂ ਜ਼ੋ ਅਨੀਮਿਕ ਬੱਚਿਆਂ ਦਾ ਜਲਦੀ ਇਲਾਜ ਕਰਵਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਵੈਕਸੀਨ ਦੀ ਐਂਟਰੀ ਸਿਹਤ ਕਰਮੀਆਂ ਵੱਲੋਂ ਯੂ—ਵਿਨ ਪੋਰਟਲ *ਤੇ ਕੀਤੀ ਜਾਵੇਗੀ ਅਤੇ ਨਾਲ ਹੀ ਕੋਲਡ ਚੇਨ ਮੈਨੇਜਮੈਂਟ ਸੰਬੰਧੀ ਹਦਾਇਤਾਂ ਵੀ ਜਾਰੀ ਕੀਤੀਆਂ ਹਨ।ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ: ਭਾਰਤੀ ਧਵਨ, ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾ: ਵਿਪੁਲ, ਜਿਲ੍ਹਾ ਮਾਸ ਮੀਡੀਆ ਅਫਸਰ ਸੁਖਵੰਤ ਸਿੰਘ ਸਿੱਧੂ, ਸਕੂਲ ਹੈਲਥ ਕੋਆਰਡੀਨੇਟਰ ਰਜਨੀ ਸ਼ਰਮਾ, ਆਰੂਸ਼ ਭੱਲਾ ਬੀ.ਸੀ.ਸੀ. ਕੋਆਰਡੀਨੇਟਰ, ਮਿਸ ਕੰਵਲਜੀਤ ਕੌਰ ਜ਼ਿਲ੍ਹਾ ਅੰਕੜਾ ਸਹਾਇਕ ਅਤੇ ਵੱਖ ਵੱਖ ਬਲਾਕਾਂ ਤੋਂ ਸਮੂਹ ਬਲਾਕ ਐਜੂਕੈਟਰ ਅਤੇ ਐਲ.ਐਚ.ਵੀਜ਼ ਹਾਜ਼ਰ ਸਨ।

# ਵਿੰਸਟਨ ਚਰਚਿਲ ਨੇ ਆਪਣੀ ਕਿਤਾਬ 'ਮੈਮੋਇਰਜ਼ ਆਫ ਸੈਕਿੰਡ ਵਰਲਡ ਵਾਰ' ਵਿਚ ਇਕ ਅਜਿਹੀ ਘਟਨਾ ਲਿਖੀ ਹੈ, ਜਿਸ ਨੂੰ ਪੜ੍ਹ ਕੇ ਕੋਈ ਵੀ ਸੋਚਾਂ ਵਿੱਚ ਡੁੱਬ ਸਕਦਾ ਹੈ



ਵਿੰਸਟਨ ਚਰਚਿਲ ਨੇ ਆਪਣੀ ਕਿਤਾਬ 'ਮੈਮੋਇਰਜ਼ ਆਫ ਸੈਕਿੰਡ ਵਰਲਡ ਵਾਰ' ਵਿਚ ਇਕ ਅਜਿਹੀ ਘਟਨਾ ਲਿਖੀ ਹੈ, ਜਿਸ ਨੂੰ ਪੜ੍ਹ ਕੇ ਕੋਈ ਵੀ ਸੋਚਾਂ ਵਿੱਚ ਡੁੱਬ ਸਕਦਾ ਹੈ। ਇਹ ਰੂਸ ਦੇ ਮਹਾਨ ਨੇਤਾ ਜੋਸਫ ਸਟਾਲਿਨ ਅਤੇ ਉਸਦੀ ਸਾਦਗੀ ਦੀ ਕਹਾਣੀ ਹੈ।

ਚਰਚਿਲ ਲਿਖਦਾ ਹੈ ਕਿ ਇੱਕ ਵਾਰ ਉਹ ਗੱਲਬਾਤ ਲਈ ਮਾਸਕੋ ਗਿਆ ਸੀ। ਜਾਣ ਤੋਂ ਇੱਕ ਦਿਨ ਪਹਿਲਾਂ ਸਟਾਲਿਨ ਖੁਦ ਉਸ ਕੋਲ ਆਇਆ ਅਤੇ ਕਿਹਾ, "ਤੁਸੀਂ ਕੱਲ੍ਹ ਚਲੇ ਜਾਓਗੇ, ਚਲੋ ਅੱਜ ਕੁਝ ਸਮਾਂ ਇਕੱਠੇ ਬਿਤਾਉਂਦੇ ਹਾਂ, ਮੇਰੇ ਘਰ ਆਓ।"

ਹੈਰਾਨੀ ਦੀ ਗੱਲ ਹੈ ਕਿ ਸਟਾਲਿਨ ਨੇ ਚਰਚਿਲ ਨੂੰ ਕਿਹਾ ਕਿ ਉਸ ਨੂੰ ਆਪਣੇ ਨਾਲ ਕੋਈ ਬਾਡੀਗਾਰਡ ਲੈ ਕੇ ਜਾਣ ਦੀ ਲੋੜ ਨਹੀਂ ਹੈ। ਜਦੋਂ ਉਹ ਸਟਾਲਿਨ ਦੇ ਘਰ ਪਹੁੰਚੇ ਤਾਂ ਚਰਚਿਲ ਦੀਆਂ ਅੱਖਾਂ ਚੌੜੀਆਂ ਹੋ ਗਈਆਂ। ਜਿਸ ਨੂੰ ਉਹ ਦੁਨੀਆਂ ਦਾ ਤਾਕਤਵਰ ਤਾਨਾਸ਼ਾਹ ਸਮਝਦੇ ਸਨ, ਉਹ ਸਿਰਫ਼ 3 ਕਮਰਿਆਂ ਦੇ ਛੋਟੇ ਜਿਹੇ ਫਲੈਟ ਵਿੱਚ ਰਹਿੰਦਾ ਸੀ! ਉਸ ਨੇ ਆਪਣੇ ਗੁਰੂ 'ਲੈਨਿਨ' ਦੀ ਯਾਦ ਵਿਚ ਉਪਰਲੀ ਮੰਜ਼ਿਲ ਨੂੰ ਅਜਾਇਬ ਘਰ ਵਿਚ ਤਬਦੀਲ ਕਰ ਦਿੱਤਾ ਸੀ ਅਤੇ ਹੇਠਲੇ ਹਿੱਸੇ ਵਿਚ ਆਪ ਰਹਿੰਦੇ ਸਨ।

ਪਰ ਅਸਲ ਝਟਕਾ ਅਜੇ ਆਉਣਾ ਸੀ!

ਜਦੋਂ ਚਰਚਿਲ ਨੇ ਪੁੱਛਿਆ ਕਿ ਖਾਣਾ ਕੌਣ ਪਕਾਏਗਾ ਤਾਂ ਸਟਾਲਿਨ ਨੇ ਕਿਹਾ, "ਮੈਂ ਅਤੇ ਮੇਰੀ ਪਤਨੀ ਇਕੱਠੇ ਖਾਣਾ ਬਣਾਉਂਦੇ ਹਾਂ, ਸਾਡੇ ਕੋਲ ਕੋਈ ਰਸੋਈਆ ਨਹੀਂ ਹੈ।"

ਚਰਚਿਲ ਨੇ ਕਿਹਾ 'ਤੁਸੀਂ ਅੱਜ ਮੇਰੇ ਕੋਲ ਬੈਠੋ, ਤੁਹਾਡੀ ਪਤਨੀ ਖਾਣਾ ਬਣਾ ਲਵੇਗੀ।'

ਚਰਚਿਲ ਦੀ ਗੱਲ ਦੇ ਜੁਆਬ ਨੂੰ ਸਟਾਲਿਨ ਦੇ ਇਸ ਜਵਾਬ ਨੇ ਹੈਰਾਨ ਕਰ ਦਿੱਤਾ। ਸਟਾਲਿਨ ਨੇ ਕਿਹਾ, "ਉਹ ਇਸ ਸਮੇਂ ਘਰ ਨਹੀਂ ਹੈ। ਉਹ ਕੱਪੜੇ ਦੀ ਫੈਕਟਰੀ ਵਿੱਚ ਕੰਮ ਕਰਨ ਗਈ ਹੈ। ਉਸਨੂੰ 5 ਵਜੇ ਛੁੱਟੀ ਹੋਵੇਗੀ, ਫਿਰ ਉਹ ਆ ਕੇ ਖਾਣਾ ਬਣਾਵੇਗੀ।"

ਸੋਚੋ! ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਵਿੱਚੋਂ ਇੱਕ ਰੂਸ ਦਾ ਨੇਤਾ, ਜਿਸਦੀ ਆਵਾਜ਼ ਨੇ ਦੁਨੀਆ ਨੂੰ ਕੰਬਾ ਦਿੱਤਾ, ਉਸਦੀ ਪਤਨੀ ਇੱਕ ਆਮ ਮਜ਼ਦੂਰ ਵਾਂਗ ਇੱਕ ਫੈਕਟਰੀ ਵਿੱਚ ਕੰਮ ਕਰਦੀ ਸੀ ਅਤੇ ਉਹ ਆਪਣਾ ਖਾਣਾ ਖ਼ੁਦ ਪਕਾਉਂਦਾ ਸੀ।

ਇਹੀ ਫਰਕ ਹੈ ਉਹਨਾਂ ਲੋਕਾਂ ਵਿੱਚ ਜੋ ਜਨਤਾ ਲਈ ਜਿਉਂਦੇ ਹਨ। ਜਿਨ੍ਹਾਂ ਲਈ ਅਹੁਦਾ 'ਲਗਜ਼ਰੀ' ਨਹੀਂ ਸਗੋਂ 'ਜ਼ਿੰਮੇਵਾਰੀ' ਹੈ।

ਇਹ ਅੰਗਰੇਜ਼ ਹਾਕਮਾਂ ਲਈ ਕਿਸੇ ਝਟਕੇ ਤੋਂ ਘੱਟ ਨਹੀਂ ਸੀ, ਜਿਨ੍ਹਾਂ ਨੂੰ ਲੱਚਰਤਾ ਅਤੇ ਬੇਵਕੂਫੀ ਦੀ ਆਦਤ ਸੀ।

ਏਨੀ ਸਾਦਗੀ ਨੂੰ ਸਲਾਮ!

ਐਮ ਪੀ ਸਿੰਘ।

ਕਮਿਊਨਿਸਟ ਵਿਰੋਧੀ ਖਾਲਿਸਤਾਨੀਆਂ ਨੂੰਮਿਰਚਾ ਲੱਗਣਗੀਆਂ ਪੜ੍ਹ ਕੇ

# ਭਾਜਪਾ ਐਸ.ਸੀ. ਮੋਰਚਾ ਪੰਜਾਬ ਨੂੰ ਮਿਲੀ ਨਵੀਂ ਧਾਰ — ਰਾਜਵਿੰਦਰ ਕੌਰ ਨੂੰ ਸੌਂਪੀ ਵੱਡੀ ਜ਼ਿੰਮੇਵਾਰੀ



## ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 12 ਮਈ।

ਚੰਡੀਗੜ੍ਹ ਵਿਖੇ ਭਾਰਤੀ ਜਨਤਾ ਪਾਰਟੀ ਦੇ ਐਸ.ਸੀ. ਮੋਰਚਾ ਪੰਜਾਬ ਦੀ ਵਿਸ਼ੇਸ਼ ਮੀਟਿੰਗ ਦੌਰਾਨ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਅਹਿਮ ਐਲਾਨ ਕੀਤੇ ਗਏ। ਇਸ ਮੌਕੇ ਐਸ.ਸੀ. ਮੋਰਚਾ ਪੰਜਾਬ ਦੇ ਪ੍ਰਧਾਨ ਐਸ. ਆਰ. ਲੱਧੜ ਵੱਲੋਂ ਸ੍ਰੀਮਤੀ ਰਾਜਵਿੰਦਰ ਕੌਰ ਨੂੰ ਐਸ.ਸੀ. ਮੋਰਚਾ (ਭਾਜਪਾ ਪੰਜਾਬ) ਦਾ ਸਕੱਤਰ ਨਿਯੁਕਤ ਕੀਤਾ ਗਿਆ।

ਇਸ ਮੌਕੇ ਅੰਮ੍ਰਿਤਸਰ ਦੇ ਨਾਰਾਇਣਗੜ੍ਹ ਇਲਾਕੇ ਦੀ ਵਸਨੀਕ ਬਲਜਿੰਦਰ ਕੌਰ ਨੇ ਵੀ ਭਾਜਪਾ ਵਿੱਚ ਸ਼ਮੂਲੀਅਤ ਕਰਦਿਆਂ ਪਾਰਟੀ ਦੀਆਂ ਨੀਤੀਆਂ 'ਤੇ ਭਰੋਸਾ ਜਤਾਇਆ। ਐਸ. ਆਰ. ਲੱਧੜ ਵੱਲੋਂ ਉਨ੍ਹਾਂ ਨੂੰ ਸਿਰੋਪਾ ਭੇਟ ਕਰਕੇ ਪਾਰਟੀ ਵਿੱਚ ਜੀ ਆਇਆਂ ਆਖਿਆ ਗਿਆ।

ਨਵ-ਨਿਯੁਕਤ ਸਕੱਤਰ ਰਾਜਵਿੰਦਰ ਕੌਰ ਨੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਇਮਾਨਦਾਰੀ, ਨਿਸ਼ਠਾ ਅਤੇ ਸਮਰਪਣ ਭਾਵਨਾ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਭਾਜਪਾ ਹਮੇਸ਼ਾਂ ਸਮਾਜ ਦੇ ਪਿੱਛੜੇ ਅਤੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਵਚਨਬੱਧ ਰਹੀ ਹੈ ਅਤੇ ਉਹ ਐਸ.ਸੀ. ਭਾਈਚਾਰੇ ਦੀ ਆਵਾਜ਼ ਨੂੰ ਹੋਰ ਮਜ਼ਬੂਤੀ ਨਾਲ ਪਾਰਟੀ ਮੰਚ ਤੱਕ ਪਹੁੰਚਾਉਣ ਲਈ ਲਗਾਤਾਰ ਕੰਮ ਕਰਨਗੇ।

ਉਨ੍ਹਾਂ ਕਿਹਾ ਕਿ ਪੰਜਾਬ ਭਰ ਵਿੱਚ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ, ਮਹਿਲਾਵਾਂ ਅਤੇ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨ ਅਤੇ ਕੇਂਦਰ ਸਰਕਾਰ ਦੀਆਂ ਲੋਕ-ਹਿਤੈਸ਼ੀ ਯੋਜਨਾਵਾਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ।

ਇਸ ਮੌਕੇ ਬਲਜਿੰਦਰ ਕੌਰ ਨੇ ਕਿਹਾ ਕਿ ਉਹ ਨਰਿੰਦਰ ਮੋਦੀ ਦੀ ਅਗਵਾਈ ਅਤੇ ਭਾਜਪਾ ਦੀਆਂ ਲੋਕ-ਹਿਤੈਸ਼ੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜੀਆਂ ਹਨ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਭਾਜਪਾ ਦੇਸ਼ ਦੇ ਹਰ ਵਰਗ ਦੀ ਤਰੱਕੀ ਅਤੇ ਭਲਾਈ ਲਈ ਨਿਰੰਤਰ ਕੰਮ ਕਰ ਰਹੀ ਹੈ।



## ਬੇਗਾਨਾ ਘਰ



ਤੇਰੇ ਘਰ ਜਨਮ ਲਿਆ ਸੀ
ਤੂੰ ਹੀ ਬੇਗਾਨਾ ਧਨ ਕਹਿੰਦੀ ਰਹੀ ਮਾਏਂ।
ਤੇਰੇ ਇਸ ਬੇਗਾਨੇ ਬੋਲਾਂ ਨੂੰ ਮੈ
ਕਿਵੇਂ ਔਖਾ ਸੌਖਾ ਸਹਿੰਦੀ ਰਹੀ ਮਾਏਂ।
ਜਵਾਨ ਹੋਣ ਤੇ ਬਾਬਲ ਨੇ ਵਰ ਲੱਭਿਆ
ਵਿਦਾ ਕਰਨ ਦਾ ਦਿਨ ਮਿੱਥ ਲਿਆ ਮਾਏਂ।
ਸੋਚ ਸੋਚ ਕੇ ਵਿੱਚੋਂ ਵਿੱਚ ਮਰਦੀ ਜਾਵਾਂ
ਇਹ ਘਰ ਮੇਰਾ ਸੀ ਜਾਂ ਫਿਰ ਬੇਗਾਨਾ ਮਾਏਂ।
ਫੜਾ ਦਿੱਤਾ ਪੱਲਾ ਬਾਬਲ ਨੇ ਸੀ
ਇੱਕ ਅਣਪਛਾਤੇ ਜਿਹੇ ਇਨਸਾਨ ਨੂੰ ਮਾਏਂ।
ਨਾ ਜਾਣਦੀ ਸੀ ਨਾਂ ਪਹਿਚਾਣਦੀ ਸੀ
ਹੋ ਗਈ ਸੀ ਮੈ ਉਸ ਦੀ ਪਤਨੀ ਮਾਏਂ।
ਕਹਿਣ ਨੂੰ ਸੀ ਉਹ ਮੇਰਾ ਪਤੀ ਦੇਵ
ਪਰ ਸਮਝਦਾ ਨਾ ਮੇਰੇ ਦਿਲ ਦੀ ਇੱਕ ਮਾਏਂ।
ਛੋਟੀ ਛੋਟੀ ਗਲਤੀ ਤੇ ਦੇਵੇ ਝਿੜਕਾਂ
ਉਛਾਲ ਦਿੰਦਾ ਸੀ ਮੇਰੀਆਂ ਗਲਤੀਆਂ ਮਾਏਂ।
ਤੇਰੇ ਨਾਮ ਤੇ ਗਾਲ੍ਹ ਵੀ ਕੱਢ ਦਿੰਦਾ
ਆਪਣੀ ਮਾਂ ਨੂੰ ਕਹਿੰਦਾ ਕਰ ਜੀਅ ਜੀਅ ਮਾਏਂ।
ਬਾਬਲ ਤਾਈਂ ਵੀ ਮੰਦਾ ਚੰਗਾ ਬੋਲ ਦਿੰਦਾ
ਪਰ ਮੈ ਕਰਦੀ ਨਾ ਗੁੱਸਾ ਈ ਮਾਏਂ।
ਬਾਬਲ ਦੇ ਘਰ ਜਾਣ ਲਈ
ਕਰਾਂ ਮਿੰਨਤਾਂ ਤੇ ਮਾਰਾ ਤਰਲੇ ਮਾਏਂ।
ਕਿਹੋ ਜਿਹਾ ਮੈਨੂੰ ਵਰ ਦਿੱਤਾ ਲੱਭਕੇ
ਜਿਹੜਾ ਮੇਰੀ ਖੁਸ਼ੀ ਨੂੰ ਸਮਝੇ ਹੀ ਨਾ ਮਾਏਂ।
ਮੈਨੂੰ ਹੁਣ ਬਾਬਲ ਦਾ ਘਰ ਲੱਗੇ ਬੇਗਾਨਾ
ਜਿੱਥੇ ਖੇਡਦੀ ਸੀ ਗੁੱਡੀਆਂ ਪਟੋਲੇ ਮਾਏਂ।
ਰਮਨ ਘੁੱਟ ਘੁੱਟ ਕੇ ਜ਼ਿੰਦਗੀ ਜਿਊਣਾ ਸਿੱਖ ਗਈ
ਜਿਹੜੀ ਬਾਬਲ ਦੇ ਦੱਬਕੇ ਨਾਲ ਪੈਂਦੀ ਸੀ ਬਿਮਾਰ ਮਾਏਂ।

✍✍ਰਮਨਦੀਪ ਕੌਰ ✍✍
ਬਟਾਲਾ

## ਖ਼ਾਲੀ ਆਏ ਸੀ ਖ਼ਾਲੀ ਹੀ ਜਾਵਣਾ ਹੈ



ਇਥੇ ਬੰਦਾ ਹੀ ਬੰਦੇ ਨੂੰ ਮਾਰਦਾ ਏ
ਮਾੜਾ ਆ ਗਿਆ ਬਹੁਤ ਹੀ ਸਮਾਂ ਲੋਕੋ।

ਭੈਣ ਭਾਈ ਵੀ ਭੁੱਲ ਗਏ ਰਿਸ਼ਤਿਆਂ ਨੂੰ
ਮਾਇਆ ਨਾਗਣੀ ਦੀ ਹੈ ਤਮਾਂ ਲੋਕੋ ।

ਕਲਾਮ ਕਰਕੇ ਨਹੀਂ ਕਿਸੇ ਨਾ ਕੋਈ ਰਾਜੀ,
ਲਿਆ ਕਲਾਵੇ ਵਿੱਚ ਸੱਭ ਨੂੰ ਗਮਾਂ ਲੋਕੋ।

ਸੱਭ ਆਪਣਿਆਂ ਤੋਂ ਹੋਈ ਨੇ ਦੂਰ ਜਾਂਦੇ,
ਇਕ ਦਿਨ ਹੋਣਾ ਏਂ ਸੱਭ ਫਨ੍ਹਾ ਲੋਕੋ ।

ਵਾਰੀ ਵਾਰੀ ਸਾਰਿਆਂ ਇਥੋਂ ਕੂਚ ਕਰਨੈ ,
ਕਿਸੇ ਪਹਿਲਾਂ ਕਿਸੇ ਪਿੱਛੋਂ ਹੋਣਾ ਰਵਾਂ ਲੋਕੋ।

ਖ਼ਾਲੀ ਹੱਥ ਆਏ ਖ਼ਾਲੀ ਹੱਥ ਜਾਵਣਾ ਹੈ,
ਲੈ ਕੇ ਜਾਣੀ ਨਹੀਂ ਪੂੰਜੀ ਜੋ ਜਮਾਂ ਲੋਕੋ।

ਜਸਵੀਰ ਸ਼ਰਮਾਂ ਦੱਦਾਹੂਰ
ਸ਼੍ਰੀ ਮੁਕਤਸਰ ਸਾਹਿਬ
95691-49556

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਸ਼ਰਧਾ**

ਸ਼ਰਧਾ ਦੇ ਚੱਕਰਵਿਊ 'ਚ ਫਸੋਂਗੇ ਤਾਂ ਇੱਕ ਦਿਨ ਖ਼ੁੱਦ ਨੂੰ ਲੁੱਟਿਆ ਪੁੱਟਿਆ ਮਹਿਸੂਸ ਕਰੋਂਗੇ। ਤਰਕਹੀਣ ਸ਼ਰਧਾ ਕਦੀ ਸਕੂਨ ਨਹੀਂ ਦੇ ਸਕਦੀ॥ ਸਮਰਪਣ ਤੋਂ ਪਹਿਲਾਂ ਹਰ ਪੱਖੋ ਸੋਚੋ ਜਰੂਰ। ਕਾਹਲੀ ਨਾ ਕਰੋ। ਜਦੋਂ ਆਪਾ ਵਾਰਨਾ ਹੋ ਗਿਆ ਫਿਰ ਪਿੱਛੇ ਮੁੜਕੇ ਦੇਖਿਆ ਤਾਂ ਪਛਤਾਵਾ ਹੀ ਝੋਲੀ ਪਵੇਗਾ॥ ਅੰਨੀ ਸ਼ਰਧਾ ਦਾ ਅੰਤ ਪਛਤਾਵੇ ਦੇ ਆਲਮ ਨਾਲ ਹੀ ਹੁੰਦੈ। ਟਣਕਾ ਕੇ ਅਤੇ ਸਹਿਜ ਰਹਿ ਕੇ ਕੀਤਾ ਵਿਸ਼ਵਾਸ਼ ਜਲਦੀ ਕੀਤਿਆਂ ਭੰਗ ਨਹੀਂ ਹੁੰਦਾ। ਵਿਸ਼ਵਾਸ਼ ਘਾਤ ਕਰਨਾ ਕਾਇਰਤਾ ਹੁੰਦੈ॥

**ਸੁਗੰਧ...**

ਮਹਿਕਾਂ ਵੰਡੋਂਗੇ ਤਾਂ ਸੁਗੰਧ ਪਾਓਗੇ। ਮਿੱਠਾ ਬੋਲ ਸਭ ਦਾ ਮਨ ਮੋਹ ਲੈਂਦੈ। ਪਿਆਰ ਦੀ ਸੁਗੰਧ ਪ੍ਰੇਮੀ ਹੀ ਮਹਿਸੂਸ ਕਰ ਸਕਦੈ॥ ਖਿਆਲਾਂ 'ਚ ਸੁਗੰਧ ਚਲਦੀ ਹੋਵੇ ਤਾਂ ਐਕਸ਼ਨ ਸੁਗੰਧਤ ਵਾਤਾਵਰਨ ਸਿਰਜ ਹੀ ਲਵੇਗਾ। ਜੋ ਬੀਜੋਂਗੇ ਓਹੀ ਵੱਢੋਂਗੇ॥ ਸੁਗੰਧ ਭਰਿਆ ਜੀਵਨ ਬਤੀਤ ਕਰਨੈ ਤਾਂ ਮਾਲੀ ਤਾਂ ਬਨਣਾ ਹੀ ਪੈਣੈ। ਡੁਪਲੀਕੇਟ ਗੁਲਦਸਤੇ ਭਾਵੇਂ ਕਿੰਨੇ ਵੀ ਸੁੰਦਰ ਹੋਣ ਪਰ ਸੁਗੰਧ ਨਹੀਂ ਖਿਲਾਰ ਸਕਦੇ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ ਮਾਨਸਾ।

# ਚਿਕਨਗੁਨੀਆ (Chikungunya) ਬਾਰੇ ਵਿਸਥਾਰਿਤ ਜਾਣਕਾਰੀ ਡਾ ਅਜੀਤਪਾਲ ਸਿੰਘ ਐਮ ਡੀ



ਇਹ ਇੱਕ ਮੱਛਰ ਦੁਆਰਾ ਫੈਲਣ ਵਾਲੀ ਵਾਇਰਲ ਬੀਮਾਰੀ ਹੈ।

ਚਿਕਨਗੁਨੀਆ ਕੀ ਹੈ?

ਇਹ ਚਿਕਨਗੁਨੀਆ ਵਾਇਰਸ (CHIKV) ਕਾਰਨ ਹੁੰਦੀ ਹੈ, ਜੋ ਏਡੀਜ਼ (Aedes) ਮੱਛਰ (ਖਾਸ ਕਰਕੇ ਏਡੀਜ਼ ਏਜਿਪਟੀ ਅਤੇ ਏਡੀਜ਼ ਐਲਬੋਪਿਕਟਸ) ਦੇ ਕੱਟਣ ਨਾਲ ਫੈਲਦੀ ਹੈ। ਇਹ ਬੁਖਾਰ ਅਤੇ ਜੋੜਾਂ ਦੇ ਦਰਦ ਦਾ ਕਾਰਨ ਬਣਦੀ ਹੈ ਅਤੇ ਦੁਨੀਆ ਭਰ ਦੇ 110 ਤੋਂ ਵੱਧ ਦੇਸ਼ਾਂ ਵਿੱਚ ਪਾਈ ਜਾਂਦੀ ਹੈ।

ਲੱਛਣ (Symptoms)

ਲੱਛਣ ਆਮ ਤੌਰ 'ਤੇ ਮੱਛਰ ਕੱਟਣ ਤੋਂ 3-7 ਦਿਨਾਂ ਬਾਅਦ ਸ਼ੁਰੂ ਹੁੰਦੇ ਹਨ। ਇਹ ਦੋ ਪੜਾਵਾਂ ਵਿੱਚ ਵੰਡੇ ਜਾ ਸਕਦੇ ਹਨ:

ਤੀਬਰ ਪੜਾਅ (Acute Phase - ਪਹਿਲੇ 1-2 ਹਫਤੇ)

· ਬੁਖਾਰ: ਅਚਾਨਕ ਤੇਜ਼ ਬੁਖਾਰ (39-40°C ਤੱਕ)।

· ਜੋੜਾਂ ਦਾ ਤੇਜ਼ ਦਰਦ: ਇਹ ਸਭ ਤੋਂ ਖਾਸ ਲੱਛਣ ਹੈ। ਦਰਦ ਇੰਨਾ ਤੇਜ਼ ਹੁੰਦਾ ਹੈ ਕਿ ਮਰੀਜ਼ ਆਪਣੇ ਆਪ ਨੂੰ ਸੰਭਾਲ ਨਹੀਂ ਪਾਉਂਦਾ ("ਝੁਕਣ ਵਾਲਾ ਰੋਗ")। ਆਮ ਤੌਰ 'ਤੇ ਹੱਥਾਂ, ਗਿੱਟਿਆਂ, ਉਂਗਲਾਂ ਅਤੇ ਗੋਡਿਆਂ ਦੇ ਜੋੜਾਂ ਨੂੰ ਅਸਰ ਕਰਦਾ ਹੈ।

· ਰੈਸ਼ (ਧੱਫੜ): ਬੁਖਾਰ ਆਉਣ ਤੋਂ 2-5 ਦਿਨਾਂ ਬਾਅਦ ਧੜ, ਹੱਥ-ਪੈਰਾਂ 'ਤੇ ਲਾਲ ਚਕੱਤੇ ਜਾਂ ਧੱਬੇ ਪੈ ਜਾਂਦੇ ਹਨ।

· ਹੋਰ: ਸਿਰ ਦਰਦ, ਮਾਸ-ਪੇਸ਼ੀਆਂ ਦਾ ਦਰਦ, ਥਕਾਵਟ।

ਪੁਰਾਣਾ ਪੜਾਅ (Chronic Phase - ਲੰਮੇ ਸਮੇਂ ਲਈ)

ਲਗਭਗ 20-50% ਮਰੀਜ਼ਾਂ ਵਿੱਚ ਜੋੜਾਂ ਦਾ ਦਰਦ ਮਹੀਨਿਆਂ ਤੱਕ ਜਾਂ ਸਾਲਾਂ ਤੱਕ ਬਣਿਆ ਰਹਿ ਸਕਦਾ ਹੈ। ਇਹ ਕਈ ਵਾਰ ਰੁਮੇਟਾਇਡ ਗਠੀਏ (Rheumatoid Arthritis) ਵਰਗਾ ਹੋ ਜਾਂਦਾ ਹੈ। ਕਾਰਨ ਅਤੇ ਫੈਲਾਅ (Transmission)

* ਕਾਰਨ: ਇਹ ਲੋਕਾਂ ਆਪਸ ਵਿੱਚ ਨਹੀਂ ਫੈਲਦੀ, ਸਿਰਫ਼ ਲਾਗ ਵਾਲੇ ਮੱਛਰ ਦੇ ਕੱਟਣ ਨਾਲ ਫੈਲਦੀ ਹੈ।

· ਫੈਲਾਅ: ਏਡੀਜ਼ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਥੋੜ੍ਹੇ ਜਿਹੇ ਖੜ੍ਹੇ ਪਾਣੀ (ਕੂਲਰ, ਟਾਇਰ, ਗਮਲੇ) ਵਿੱਚ ਪੈਦਾ ਹੁੰਦਾ ਹੈ।

· ਜੋਖਮ ਵਾਲੇ ਲੋਕ: ਨਵਜੰਮੇ ਬੱਚੇ, 65 ਸਾਲ ਤੋਂ ਵੱਧ ਦੇ ਬਜ਼ੁਰਗ, ਅਤੇ ਹਾਈ ਬੀਪੀ, ਸ਼ੂਗਰ ਜਾਂ ਦਿਲ ਦੀਆਂ ਬੀਮਾਰੀਆਂ ਵਾਲੇ ਮਰੀਜ਼।

ਪੇਚੀਦਗੀਆਂ (Complications)

ਹਾਲਾਂਕਿ ਮੌਤ ਬਹੁਤ ਘੱਟ ਹੁੰਦੀ ਹੈ, ਪਰ ਕੁਝ ਗੰਭੀਰ ਮਾਮਲਿਆਂ ਵਿੱਚ ਹੇਠ ਲਿਖੀਆਂ ਸਮੱਸਿਆਵਾਂ ਹੋ ਸਕਦੀਆਂ ਹਨ:

· ਲੰਮਾ ਗਠੀਆ (Chronic Arthritis): ਸਭ ਤੋਂ ਆਮ ਪੇਚੀਦਗੀ, ਜਿਸ ਵਿੱਚ ਜੋੜਾਂ ਵਿੱਚ ਸੋਜ ਅਤੇ ਦਰਦ ਰਹਿੰਦਾ ਹੈ।

· ਦਿਮਾਗੀ ਸਮੱਸਿਆਵਾਂ: ਮੈਨਿਨਜਾਈਟਿਸ ਜਾਂ ਐਨਸੇਫਲਾਈਟਿਸ (ਬਹੁਤ ਘੱਟ)।

· ਹੋਰ: ਦਿਲ ਦੀ ਮਾਸ-ਪੇਸ਼ੀ (Myocarditis), ਅੱਖਾਂ ਦੀ ਸੋਜਸ਼, ਲੀਵਰ ਜਾਂ ਗੁਰਦੇ ਨੂੰ ਨੁਕਸਾਨ।

ਇਲਾਜ (Treatment)

ਇਸ ਦਾ ਕੋਈ ਖਾਸ ਐਂਟੀਵਾਇਰਲ ਇਲਾਜ ਨਹੀਂ ਹੈ। ਇਲਾਜ ਦਾ ਟੀਚਾ ਲੱਛਣਾਂ ਨੂੰ ਘੱਟ ਕਰਨਾ ਹੈ:

· ਆਰਾਮ ਅਤੇ ਪਾਣੀ: ਖੂਬ ਪਾਣੀ ਪੀਓ ਅਤੇ ਆਰਾਮ ਕਰੋ।

· ਦਰਦ ਤੇ ਬੁਖਾਰ ਲਈ: ਡਾਕਟਰ ਪੈਰਾਸੀਟਾਮੋਲ (Paracetamol) ਲੈਣ ਦੀ ਸਲਾਹ ਦੇ ਸਕਦੇ ਹਨ। ਬਿਨਾਂ ਡਾਕਟਰੀ ਸਲਾਹ ਦੇ ਐਸਪਰੀਨ ਜਾਂ ਬਰੂਫੈਨ ਵਰਗੀਆਂ ਦਵਾਈਆਂ ਨਾ ਲਵੋ, ਕਿਉਂਕਿ ਇਹ ਡੇਂਗੂ ਹੋਣ 'ਤੇ ਖੂਨ ਵਗਣ ਦਾ ਖਤਰਾ ਵਧਾ ਸਕਦੀਆਂ ਹਨ।

· ਲੰਮੇ ਸਮੇਂ ਦੇ ਦਰਦ ਲਈ: ਜੇਕਰ ਦਰਦ ਮਹੀਨਿਆਂ ਤੱਕ ਰਹੇ, ਤਾਂ ਰੁਮੇਟੋਲੋਜਿਸਟ ਡਾਕਟਰ ਕੋਰਟੀਕੋਸਟੀਰੋਇਡ ਜਾਂ ਡੀਐਮਏਆਰਡੀ (DMARD) ਦਵਾਈਆਂ ਦੇ ਸਕਦਾ ਹੈ।

ਬਚਾਅ (Prevention)

ਬਚਾਅ ਹੀ ਸਭ ਤੋਂ ਵਧੀਆ ਉਪਾਅ ਹੈ:

ਮੱਛਰ ਤੋਂ ਬਚਾਅ:

· ਸੁਰੱਖਿਆ ਕਵਰ: ਪੂਰੀਆਂ ਬਾਹਾਂ ਦੇ ਕੱਪੜੇ ਅਤੇ ਪੈਂਟ ਪਾਓ।

· ਰਿਪੇਲੈਂਟ ਵਰਤੋ: DEET ਜਾਂ Picaridin ਵਾਲਾ ਮੱਛਰ ਭਜਾਉਣ ਵਾਲਾ ਕਰੀਮ ਲਗਾਓ।

· ਪਾਣੀ ਨਾ ਰੁਕਣ ਦਿਓ: ਕੂਲਰ, ਗਮਲੇ, ਟਾਇਰਾਂ ਆਦਿ ਵਿੱਚ ਪਾਣੀ ਨਾ ਇਕੱਠਾ ਹੋਣ ਦਿਓ, ਕਿਉਂਕਿ ਏਡੀਜ਼ ਮੱਛਰ ਉਥੇ ਅੰਡੇ ਦਿੰਦਾ ਹੈ।

· ਦਰਵਾਜ਼ੇ-ਖਿੜਕੀਆਂ 'ਤੇ ਜਾਲੀ ਲਗਵਾਓ।

ਵੈਕਸੀਨ (Vaccine):

ਹੁਣ ਚਿਕਨਗੁਨੀਆ ਦੀਆਂ ਵੈਕਸੀਨ ਵੀ ਉਪਲਬਧ ਹਨ। ਇਹ ਖਾਸ ਤੌਰ 'ਤੇ ਯਾਤਰੀਆਂ ਜਾਂ ਪ੍ਰਯੋਗਸ਼ਾਲਾ ਦੇ ਕਰਮਚਾਰੀਆਂ ਲਈ ਸਿਫਾਰਸ਼ ਕੀਤੀਆਂ ਜਾਂਦੀਆਂ ਹਨ।

· ਵਿਮਕੁਨਯਾ (Vimkunya): 12 ਸਾਲ ਅਤੇ ਇਸ ਤੋਂ ਵੱਧ ਉਮਰ ਲਈ। ਇਹ ਵਧੇਰੇ ਸੁਰੱਖਿਅਤ ਮੰਨੀ ਜਾਂਦੀ ਹੈ।

· ਆਈਐਕਸਚੀਕ (Ixchiq): ਬਾਲਗਾਂ ਲਈ (18+), ਪਰ ਇਸਦੇ ਕੁਝ ਮਾੜੇ ਪ੍ਰਭਾਵ ਹੋ ਸਕਦੇ ਹਨ, ਇਸ ਲਈ ਡਾਕਟਰੀ ਸਲਾਹ ਜ਼ਰੂਰੀ ਹੈ।

ਮਹੱਤਵਪੂਰਨ: ਜੇਕਰ ਤੁਹਾਨੂੰ ਚਿਕਨਗੁਨੀਆ ਹੈ, ਤਾਂ ਪਹਿਲੇ ਹਫਤੇ ਮੱਛਰਾਂ ਤੋਂ ਬਚੋ ਤਾਂ ਜੋ ਇਹ ਵਾਇਰਸ ਅੱਗੇ ਨਾ ਫੈਲੇ।

# ਜ਼ਿੰਦਗੀ ਕਿਸਨੂੰ ਜਿਊਣ ਲਈ ਫੁੱਲਾਂ ਦੀ ਸੇਜ਼ ਦਿੰਦੀ ਹੈ ?



ਸ਼ਾਇਦ ਕਿਸੇ ਨੂੰ ਵੀ ਨਹੀਂ, ਜੇਕਰ ਮੈਂ ਆਪਣੇ ਆਪ ਚੋਂ ਬਾਹਰ ਹੀ ਨਾ ਨਿੱਕਲਾਂ ਤਾਂ ਮੈਨੂੰ ਵੀ ਲੱਗੇਗਾ ਕਿ ਮੇਰੇ ਤੋਂ ਵੱਧ ਕੋਈ ਦੁਖੀ ਹੀ ਨਹੀਂ ।ਤੁਸੀਂ ਜਦੋਂ ਨੈੱਟ ਤੇ ਲੋਕਾਂ ਦੀਆਂ ਖੁਸ਼ੀਆਂ ,ਜਨਮਦਿਨ ਪਿਆਰ ਤੇ ਰਿਸ਼ਤਿਆਂ ਦੀਆਂ ਵਧਾਈਆਂ,ਘੁੰਮਣ ਦੀਆਂ ਤਸਵੀਰਾਂ ਦੇਖਦੇ ਹੋ ਜਿਸ ਚ ਲਿਖਿਆ ਹੁੰਦਾ ਸੀ ਕਿ ਤੈਨੂੰ ਪਾ ਕੇ ਅਸੀਂ ਧੰਨ ਹੋ ਗਏ।ਇਨਜੁਆਏ ਕਰ ਰਹੇ ਹਾਂ ਤਾਂ ਤੁਸੀਂ ਕਿਉਂ ਬੁਰਾ ਫੀਲ ਕਰਦੇ ਹੋ ਪ੍ਰੰਤੂ ਤਸਵੀਰਾਂ ਦੇ ਓਹਲੇ ਦਾ ਸੱਚ ਇਸਤੋਂ ਵੱਖਰਾ ਹੁੰਦਾ ਹੈ। ਹਰ ਇੱਕ ਦੀ ਜ਼ਿੰਦਗੀ ਵਿੱਚ ਚੰਗਾ ਮਾੜਾ ਦੌਰ ਜਰੂਰ ਹੁੰਦਾ ਹੈ। ਤਸਵੀਰਾਂ ਤੇ ਸਟੇਟਸਾਂ ਵਿੱਚ ਹੱਸਦੇ ਲੋਕੀਂ ਤਾਂ ਅਸਲ ਚ ਉਲਟੇ ਹੁੰਦੇ ਹਨ। ।ਇਹ ਸਭ ਸਿਰਫ਼ ਖੁਦ ਨੂੰ ਤੇ ਹੋਰਾਂ ਨੂੰ ਭਰਮਾਉਣ ਦਾ ਇੱਕ ਝੂਠ ਤੇ ਸ਼ੋਸ਼ੇਬਾਜ਼ੀ ਹੁੰਦਾ ਹੈ। ਅਸਲ ਸੱਚ ਤਾਂ ਕਿਤੇ ਹੋਰ ਲੁਕਿਆ ਹੀ ਬੈਠਾ ਹੈ।ਜੋ ਸਿਰਫ ਕੋਈ ਖੋਲ੍ਹਣ ਵਾਲਾ ਹੀ ਖੋਲ੍ਹਦਾ,ਕੋਈ ਕੋਈ ਹੀ ਬੋਲਦਾ। ਅਸਲ ਖੁਸ਼ ਇਨਸਾਨ ਤਾਂ ਇਸ ਸਭ ਤੋਂ ਦੂਰ ਰਹਿਕੇ ਆਪਣੀਆਂ ਨਿੱਜੀ ਖੁਸ਼ੀਆਂ ਨੂੰ ਨਿੱਜ ਤੱਕ ਹੀ ਰੱਖਦੇ ਹਨ।

#HarjotDiKalam

ਕਹਿਣ ਦਾ ਅਰਥ ਬਹੁਤੇ ਲੋਕ ਜਿਊਂ ਤਾਂ ਇੱਕਲਤਾ ਤੇ ਨੀਰਸਤਾ ਵਿੱਚ ਰਹੇਂ ਹਨ । ਹੰਢਾਅ ਉਹੀ ਕੁਝ ਰਹੇ ਹਨ ਜੋ ਮੈਂ ਤੇ ਤੁਸੀਂ ਹੰਢਾਅ ਰਹੇ ਹੁੰਦੇ ਹੋ।

ਜਦੋਂ ਆਪਣੇ ਆਪ ਨੂੰ ਖੁਸ਼ ਦਿਖਾਉਣ ਲਈ ਸੋਸ਼ਬਾਜੀ ਵਧਦੀ ਉਹ ਦੁੱਖ ਦੇ ਸਭ ਤੋਂ ਘਟੀਆ ਦਿਨ ਹੁੰਦੇ ਹਨ ।ਇਸ ਲਈ ਯਾਦ ਇਹ ਰੱਖੋ ਕਿ ਸੁਖੀ ਕੋਈ ਨਹੀਂ ਹਰ ਇੱਕ ਲਈ ਇਹ ਕੰਡਿਆਂ ਦੀ ਹੀ ਸੇਜ਼ ਹੈ।ਇੱਥੇ ਹਰ ਕੋਈ ਆਪੋ ਆਪਣੀ ਜ਼ਿੰਦਗੀ ਦਾ ਭਾਰ ਢੋ ਰਿਹਾ ਹੈ ।

ਜਿਊਣ ਵਾਲੇ ਬਹੁਤ ਘੱਟ ਹਨ ਬਹੁਤ ਰੋ ਕੇ ਕੱਢਣ ਵਾਲੇ ਹਨ। ਭਲਾ ਰੋਕੇ ਵੀ ਜ਼ਿੰਦਗੀ ਹੱਲ ਹੋਈ ਹੈ ਜਾਂ ਦਿਖਾਵੇਬਾਜ਼ੀ ਨਾਲ ?

ਹਾਂ ਹਰ ਕੋਈ ਜਿਊਣਾ ਸਿੱਖ ਲੈਂਦਾ ਹੈ,ਲੜਨਾ ਵੀ ਸਿੱਖ ਲੈਂਦਾ ਹੈ। ਅਸਲੀ ਮਜ਼ਾ ਉਹੀ ਲੈ ਸਕਦੇ ਹਨ ਜੋ ਭੈੜੇ ਤੋਂ ਭੈੜੇ ਸਮੇਂ ਵਿੱਚ ਵੀ ਹੱਸਣ ਲਈ ਦੋ ਪਲ ਖਰੀਦ ਸਕਦੇ ਹਨ। ਜੋ ਮੁਸੀਬਤ ਦੇਖ ਘਬਰਾਉਂਦੇ ਨਹੀਂ ਸਗੋਂ ਉਹਨੂੰ ਜਜ਼ਬੇ ਨਾਲ ਲੜਦੇ ਹਨ।

ਜ਼ਿੰਦਗੀ ਦਾ ਕੋਈ ਕਿਨਾਰਾ ਨਹੀਂ ਕਿ ਤੁਸੀਂ ਸੋਚੋ ਓਥੇ ਪਹੁੰਚ ਕੇ ਤਸੱਲੀ ਹਾਸਿਲ ਕਰ ਲਵੋਗੇ।

ਇਹ ਤਾਂ ਸਫ਼ਰ ਹੈ ਜਿਸ ਚ ਹਰ ਪਲ ਨੂੰ ਜਿਊਣਾ ਹੀ ਪੈਣਾ ਚੰਗਾ ਹੈ ਜਾਂ ਮਾੜਾ, ਸਿੱਧਾ ਹੈ ਜਾਂ ਪੁੱਠਾ। ਲੜਨਾਂ ਕਿਸੇ ਨਾਲ ਵੀ ਹੋ ਸਕਦਾ ਪਰ ਪਹਿਲੀ ਲੜਾਈ ਖੁਦ ਨਾਲ ਹੁੰਦੀ ਹੈ, ਆਪਣੇ ਆਪ ਨਾਲ ਲੜ ਕੇ ਜਦੋਂ ਖੁਦ ਨੂੰ ਸੋਧ ਲਿਆ ਤਾਂ ਸਮਝੋ 99% ਸਮੱਸਿਆਵਾਂ ਹੱਲ ਹੋ ਗਈਆਂ ਇਸ ਲੜਨਾ ਹੀ ਜਰੂਰੀ ਹੈ ।

"ਕਿ ਲੜਿਆਂ ਬਾਝੋਂ ਕੁਝ ਨਹੀਂ ਮਿਲਦਾ " : ਪਾਸ਼

ਇਸ ਲਈ ਨਾ ਸਾਲ ਬੁਰੇ ਹਨ ਨਾ ਦਿਨ ਨਾ ਕੁਝ ਹੋਰ ਪਲ ਪਲ ਗੁਜਰਦਾ ਹੈ ,ਹਰ ਪਲ ਚ ਕੁਝ ਚੰਗਾ ਹੈ ਕੁਝ ਬੁਰਾ ਹੈ। ਮਰਨਾ,ਜਿਊਣਾ ,ਚੱਲਣਾ ਡਿੱਗਣਾ, ਜਿੱਤ ਹਾਰ ਇਹ ਸੱਚ ਹੈ, ਇਸਨੂੰ ਜਿੰਨੀ ਛੇਤੀ ਸਵੀਕਾਰ ਲਵੋਂਗੇ ਵਧੀਆ ,ਅਗਲੀ ਲੜਾਈ ਲਈ ਤਿਆਰ ਹੋਵੋਗੇ।

"ਜੋ ਲੜਨਾ ਨਹੀਂ ਚਾਹੁੰਦੇ "
"ਜੋ ਲੜਨਾ ਨਹੀਂ ਜਾਣਦੇ "
ਉਹ ਗੁਲਾਮ ਹੋ ਜਾਂਦੇ ਹਨ । ( ਲਾਲ ਸਿੰਘ ਦਿਲ )

ਗੁਲਾਮੀ ਸਿਰਫ ਤਨ ਦੀ ਨਹੀਂ ਹੁੰਦੀ ਮਨ ਦੀ ਵੀ ਹੋ ਸਕਦੀ ਹੈ। ਹਕੂਮਤ ਦੀ ਹੀ ਨਹੀਂ ਜਜ਼ਬਾਤਾਂ ਦੀ ਵੀ ਹੋ ਸਕਦੀ ਹੈ,ਜਜ਼ਬਾਤ ਵੀ ਜਰੂਰੀ ਹਨ ਪਰ ਜਜ਼ਬਾਤ ਤੇ ਤਰਕ ਵਿੱਚ ਇੱਕ ਸਮਤੋਲ ( balance ) ਹੋਣਾ ਜਰੂਰੀ ਹੈ। ਤੁਹਾਡੇ ਖੁਸ਼ੀ ਦੇ ਚਾਂਸ ਵੱਧ ਜਾਣਗੇ।

ਹਰਜੋਤ ਸਿੰਘ
70094-52602

# ਕਹਾਣੀ- ਪਰਵਰਿਸ਼



ਵਿਆਹ ਦੀਆਂ ਤਿਆਰੀਆਂ ਜ਼ੋਰਾਂ 'ਤੇ ਸਨ, ਕਾਰਡ ਛਪ ਚੁੱਕੇ ਸਨ ਅਤੇ ਗੁਰਨਾਮ ਸਿੰਘ ਆਪਣੀ ਇਕਲੌਤੀ ਧੀ ਦੇ ਵਿਆਹ ਨੂੰ ਲੈ ਕੇ ਬਹੁਤ ਖੁਸ਼ ਸਨ। ਮੁੰਡਾ ਅਫ਼ਸਰ ਸੀ ਅਤੇ ਪਰਿਵਾਰ ਨੇ ਦਾਜ ਲੈਣ ਤੋਂ ਵੀ ਸਾਫ਼ ਮਨ੍ਹਾ ਕਰ ਦਿੱਤਾ ਸੀ। ਪਰ ਵਿਆਹ ਤੋਂ ਸਿਰਫ਼ 20 ਦਿਨ ਪਹਿਲਾਂ ਮੁੰਡੇ ਦੇ ਪਿਤਾ, ਧਾਲੀਵਾਲ ਸਾਹਿਬ ਦੀ ਇੱਕ ਫ਼ੋਨ ਕਾਲ ਨੇ ਸਾਰੀਆਂ ਖੁਸ਼ੀਆਂ ਮਿੱਟੀ ਵਿੱਚ ਮਿਲਾ ਦਿੱਤੀਆਂ। ਉਨ੍ਹਾਂ ਨੇ ਰਿਸ਼ਤਾ ਤੋੜ ਦਿੱਤਾ ਸੀ।

ਜਦੋਂ ਹੈਰਾਨ ਹੋਏ ਗੁਰਨਾਮ ਸਿੰਘ ਨੇ ਵਜ੍ਹਾ ਪੁੱਛੀ, ਤਾਂ ਧਾਲੀਵਾਲ ਸਾਹਿਬ ਨੇ ਬੜੀ ਗੰਭੀਰਤਾ ਨਾਲ ਕਿਹਾ, "ਗੁਰਨਾਮ ਸਿੰਘ ਜੀ, ਪਿਛਲੇ ਕੁਝ ਮਹੀਨਿਆਂ ਦੀ ਆਵਾਜਾਈ ਦੌਰਾਨ ਮੈਂ ਨੋਟ ਕੀਤਾ ਕਿ ਤੁਹਾਡੀ ਧੀ ਬਹੁਤ ਪੜ੍ਹੀ-ਲਿਖੀ ਅਤੇ ਸੋਹਣੀ ਹੈ, ਪਰ ਉਸ ਵਿੱਚ 'ਸੰਸਕਾਰ' ਅਤੇ 'ਹਮਦਰਦੀ' ਦੀ ਕਮੀ ਹੈ।" ਉਨ੍ਹਾਂ ਅੱਗੇ ਦੱਸਿਆ, "ਮੈਂ ਵੇਖਿਆ ਕਿ ਤੁਹਾਡੀ ਪਤਨੀ ਰਸੋਈ ਵਿੱਚ ਪਸੀਨੇ ਨਾਲ ਭਿੱਜੀ ਕੰਮ ਕਰਦੀ ਰਹਿੰਦੀ ਹੈ, ਪਰ ਤੁਹਾਡੀ ਧੀ ਫ਼ੋਨ ਵਿੱਚ ਮਸਤ ਰਹਿੰਦੀ ਹੈ। ਉਹ ਮਾਂ ਕੋਲੋਂ ਪਾਣੀ ਤੱਕ ਮੰਗ ਕੇ ਪੀਂਦੀ ਹੈ ਅਤੇ ਆਪਣਾ ਜੂਠਾ ਗਿਲਾਸ ਵੀ ਉੱਥੇ ਹੀ ਛੱਡ ਦਿੰਦੀ ਹੈ। ਸਾਨੂੰ ਘਰ ਲਈ ਇੱਕ ਅਜਿਹੀ ਨੂੰਹ ਚਾਹੀਦੀ ਹੈ ਜੋ ਪਰਿਵਾਰ ਦਾ ਦਰਦ ਸਮਝੇ ਅਤੇ ਸਾਰਿਆਂ ਨੂੰ ਜੋੜ ਕੇ ਰੱਖੇ। ਜੋ ਧੀ ਆਪਣੀ ਮਾਂ ਦੀ ਥਕਾਵਟ ਨਹੀਂ ਸਮਝ ਸਕਦੀ, ਉਹ ਕੱਲ੍ਹ ਨੂੰ ਸਾਡੇ ਘਰ ਆ ਕੇ ਸੱਸ-ਸਹੁਰੇ ਦੀ ਕਦਰ ਕੀ ਕਰੇਗੀ? ਮੈਨੂੰ ਸ਼ੋਅਕੇਸ ਵਿੱਚ ਰੱਖਣ ਵਾਲੀ ਕੋਈ 'ਸਜਾਵਟੀ ਗੁੱਡੀ' ਨਹੀਂ ਚਾਹੀਦੀ।"

ਇਹ ਸੁਣ ਕੇ ਗੁਰਨਾਮ ਸਿੰਘ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਨ੍ਹਾਂ ਨੇ ਧੀ ਨੂੰ ਉੱਚੀ ਵਿੱਦਿਆ ਤਾਂ ਦਿਵਾਈ, ਪਰ ਉਸ ਨੂੰ ਇੱਕ ਜ਼ਿੰਮੇਵਾਰ ਇਨਸਾਨ ਬਣਾਉਣਾ ਭੁੱਲ ਗਏ।

ਸਿੱਖਿਆ: ਬੱਚਿਆਂ ਨੂੰ ਲਾਡ-ਪਿਆਰ ਦੇਣਾ ਗਲਤ ਨਹੀਂ, ਪਰ ਪਿਆਰ ਦੀ ਆੜ ਵਿੱਚ ਉਨ੍ਹਾਂ ਨੂੰ ਕੰਮ-ਕਾਰ ਤੋਂ ਦੂਰ ਰੱਖ ਕੇ 'ਅਪਾਹਜ' ਬਣਾ ਦੇਣਾ ਉਨ੍ਹਾਂ ਦੇ ਭਵਿੱਖ ਲਈ ਨੁਕਸਾਨਦੇਹ ਹੈ। ਅਸਲ ਪਰਵਰਿਸ਼ ਉਹ ਹੈ ਜੋ ਬੱਚੇ ਨੂੰ ਆਤਮ-ਨਿਰਭਰ ਅਤੇ ਦੂਜਿਆਂ ਦੀਆਂ ਭਾਵਨਾਵਾਂ ਦੀ ਕਦਰ ਕਰਨ ਵਾਲਾ ਬਣਾਵੇ।

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ**

